ਸੰਮਤ: ੫੫੮ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੦੩ ਚੇਤ ਸੰਨ ੨੦੨੬ Monday, 16 MARCH

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵਰਤਮਾਨ ਪ੍ਰਾਸੰਗਿਕਤਾ



ਇਹ ਲੇਖ ਲਿਖਣ ਤੋਂ ਪਹਿਲਾਂ ਇਕ ਸਵਾਲ ਪੈਦਾ ਹੋਇਆ ਕਿ 'ਸ੍ਰੀ ਅਕਾਲ ਤਖਤ ਸਾਹਿਬ ਦੀ ਵਰਤਮਾਨ ਪ੍ਰਸੰਗਿਕਤਾ' ਵਿਸ਼ੇ 'ਤੇ ਲਿਖਣ ਦੀ ਲੋੜ ਹੀ ਕਿਉਂ ਪਈ? ਇਹਦਾ ਉੱਤਰ ਵੀ ਸਪੱਸ਼ਟ ਹੈ ਕਿ ਜਦੋਂ ਕੁਝ ਕੁ ਸ਼ਰਾਰਤੀ ਦਿਮਾਗ ਇਸ ਦੀ ਅਜ਼ਮਤ ਨੂੰ ਵੰਗਾਰ ਰਹੇ ਹੋਣ ਤਾਂ ਇਹ ਵਿਚਾਰ-ਚਰਚਾ ਜਰੂਰ ਹੋਣੀ ਚਾਹੀਦੀ ਹੈ। ਵਰਤਮਾਨ ਯੁੱਗ ਦੀ ਬਿਰਤੀ ਅਨੁਸਾਰ ਅਸੀਂ ਬਹੁਗਿਣਤੀ ਲੋਕ ਹਰ ਚੀਜ, ਵਸਤੂ, ਵਿਸ਼ਾ, ਸਿਧਾਂਤ, ਧਰਮ-ਕਰਮ ਨੂੰ ਸਮੇਂ ਦੀ ਕਸਵਟੀ 'ਤੇ ਪਰਖਣਾ ਜ਼ਰੂਰੀ ਸਮਝਦੇ ਹਾਂ। ਇਹ ਵੀ ਦਾਨਿਆਂ ਦਾ ਕਥਨ ਹੈ ਕਿ 'ਕਸਵੱਟੀ ਇਕ ਪੱਥਰ ਦਾ ਟੁਕੜਾ ਹੈ, ਜਿਸ ਉਪਰ ਸੋਨੇ ਦੀ ਚੀਜ਼ ਨੂੰ ਘਸਾ ਕੇ ਤਜਰਬੇਕਾਰ ਸੁਨਿਆਰ ਸੋਨੇ ਦੀ ਸ਼ੁੱਧਤਾ ਪਰਖਦੇ ਹਨ। 'ਕਸਵੱਟੀ' ਆਪਣੇ ਆਪ ਕੁਝ ਨਹੀਂ ਬੋਲਦੀ, ਇਹ ਤਾਂ ਪਰਖ ਕਰਨ ਵਾਲੇ ਦੀ ਬੁੱਧੀ `ਤੇ ਨਿਰਭਰ ਹੈ ਕਿ ਉਹ ਇਸ ਨੂੰ ਪਰਖ ਕੇ ਕੀ ਸਿੱਟਾ ਕਢਦਾ ਹੈ।ਵਰਤਮਾਨ ਪ੍ਰਸੰਗ ਵਿਚ ਉਨੇ ਸਵਾਲ ਭੈ ਤੇ ਭਾਵਨਾ ਵਾਲੇ ਗੁਰੂ-ਪੁਸਤਾਂ ਦੇ ਨਹੀਂ ਹਨ, ਬਸ ਕੁਝ ਕੁ ਅਸ਼ਰਧਕ ਤੇ ਭਾਵਨਾ-ਵਿਹੂਣਿਆਂ ਦੀਆਂ ਸੋਚਾਂ ਦੀ ਉਪਜ ਹਨ। ਕਦੇ ਵੀ ਜਾਤੀ ਸੋਚ ਜਾਂ ਜਾਤੀ ਰੰਜਸ਼ ਦੇ ਅਧੀਨ ਜਮਾਤੀ ਸਿਸਟਮ ਉੱਤੇ ਫੈਸਲੇ ਨਹੀਂ ਠੋਸੇ ਜਾਂਦੇ ਕਿਉਂਕਿ ਗੁਰੂ ਪਾਤਸ਼ਾਹ ਵੱਲੋਂ ਸਿਰਜੇ ਤੇ ਸੰਵਾਰੇ ਇਸ ਮਹਾਨ ਤਖ਼ਤ ਨੂੰ ਸਮੁੱਚੀ ਕੌਮ ਆਪਣਾ ਮਾਣ ਸਮਝਦੀ ਹੈ । ਪੈਦਾ ਹੋਣਾ ਇਕ ਦਿਨ ਦੀ ਘਾੜਤ ਨਹੀਂ ਹੈ।ਸਵ: ਪ੍ਰਿੰ. ਨਰਿੰਦਰ ਸਿੰਘ ਸੋਚ ਦੇ ਸ਼ਬਦ ਬਹੁਤ ਭਾਵਪੂਰਤ ਹਨ ਕਿ ਵਿਸ਼ਵ ਦਾ ਇਤਿਹਾਸ ਪੜ੍ਹੀਏ ਤਾਂ ਤਖਤ ਗਿਣੇ ਨਹੀਂ ਜਾਂਦੇ। ਤਖਤਾਂ 'ਤੇ ਕਬਜ਼ਾ ਕੀਤਾ ਜਾਂਦਾ ਹੈ ਜਾਂ ਤਖਤ ਬਣਾਏ ਜਾਂਦੇ ਹਨ। ਫਸਲਾਂ ਵਾਂਗ ਤਖਤ ਉਗਦੇ ਹਨ, ਫਸਲਾਂ ਵਾਂਗ ਤਖਤ ਵੱਢੇ ਜਾਂਦੇ ਹਨ। ਪਰ ਸ੍ਰੀ ਅਕਾਲ ਤਖ਼ਤ ਸਾਹਿਬ ਗੁਰੂ ਬਾਣੀ ਦਾ ਸੰਕਲਪ ਹੈ। ਇਹ ਕੇਵਲ 'ਤਖਤ' ਨਹੀਂ ਹੈ। ਇਸ ਨਾਲ 'ਸ੍ਰੀ ਭੀ ਹੈ, 'ਸਾਹਿਬ' ਭੀ ਹੈ, 'ਜੀ' ਭੀ ਹੈ ਤੇ 'ਅਕਾਲ' ਭੀ ਹੈ। ਚਾਰ ਸ਼ਬਦ ਇਸ ਨੂੰ ਵਿਸ਼ਵ ਦੇ ਤਖਤਾਂ ਤੋਂ ਵੱਖ ਕਰਦੇ ਹਨ।ਡਾ. ਸੁਖਦਿਆਲ ਸਿੰਘ ਦੇ ਸ਼ਬਦਾਂ 'ਚ. "ਅਕਾਲ ਤਖਤ ਸਾਹਿਬ ਖਾਲਸਾ ਪੰਥ ਦੀ ਸੁਤੰਤਰਤਾ ਦਾ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਇਹ ਸਿੱਖਾਂ ਦੀ ਐਸੀ ਸੰਸਥਾ ਬਣ ਚੁਕੀ ਹੈ, ਜਿਸ ਨੂੰ ਸਿੱਖਾਂ ਦੀਆਂ ਰੋਜਾਨਾ ਦੀਆਂ ਗਤੀਵਿਧੀਆਂ ਜਾਂ ਸਿੱਖ ਰਾਜਨੀਤੀ ਵਿੱਚੋਂ ਨਜ਼ਰ ਅੰਦਾਜ਼ ਕਰ ਕੇ ਨਹੀਂ ਰੱਖਿਆ ਜਾ ਸਕਦਾ। ਸਿੱਖ ਭਾਵੇਂ ਅਜਾਦ ਰਹੇ ਹੋਣ ਭਾਵੇਂ ਗੁਲਾਮ ਪਰ ਅਕਾਲ ਤਖਤ ਉਨ੍ਹਾਂ ਦੀ ਹਰ ਮੁਸ਼ਕਲ ਸਮੇਂ ਯੋਗ ਰਹਿਨੁਮਾਈ ਕਰਦਾ ਰਿਹਾ ਹੈ।"ਅਸੀਂ ਇਸ ਪੰਕਤੀ ਨੂੰ ਬਹੁਤ ਹੀ ਮਾਣ ਨਾਲ ਪੜ੍ਹਦੇ ਹਾਂ, ਜਿਥੇ ਭਾਈ ਗੁਰਦਾਸ ਜੀ ਲਿਖਦੇ ਹਨ:'ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।' (ਵਾਰ ੧:੪੫)ਇਸੇ ਪੰਥ ਨੂੰ ਅਸੀਂ ਤੀਸਰਾ ਪੰਥ, ਗੁਰੂ ਪੰਥ ਖਾਲਸਾ ਪੰਥ, ਸਿੱਖ ਪੰਥ ਆਦਿ ਸਤਿਕਾਰਤ ਸ਼ਬਦਾਂ ਨਾਲ ਸੰਬੋਧਨ ਕਰਦੇ ਹਾਂ। ਇਹ ਵੀ ਸਪੱਸ਼ਟ ਹੈ ਕਿ ਇਸ ਨਿਰਮਲ ਪੰਥ ਦੀਆਂ ਰਵਾਇਤਾਂ, ਫਿਲਾਸਫੀ, ਮਰਯਾਦਾ, ਜੀਵਨ ਸੰਸਕਾਰ ਸਭ ਧਰਮਾਂ ਤੋਂ ਨਿਆਰੇ ਹਨ। ਇਹ 'ਤਖਤ' ਵੀ ਉਸੇ ਨਿਆਰੇਪਨ, ਸੁਤੰਤਰਤਾ ਤੋਂ ਪ੍ਰਭੂਸਤਾ ਸੰਪੰਨ ਹੋਣ ਦਾ ਜਾਮਨ ਹੈ। ਇਹ ਕਿਸੇ ਕਾਲ ਦੇ ਘੇਰੇ ਵਿਚ ਨਹੀਂ, ਇਹ ਸਥਾਨ, ਸਮੇਂ ਦੇ ਪ੍ਰਭਾਵ ਤੋਂ ਸੁਤੰਤਰ ਹੈ।'ਪੰਜਾਬ ਕੋਸ਼' ਵਿਚ ਸ੍ਰੀ ਅਕਾਲ ਤਖਤ ਸਾਹਿਬ ਦੀ ਬਹੁਤ ਸੁੰਦਰ ਤਸਵੀਰ ਪੇਸ਼ ਕੀਤੀ ਹੈ, "ਹਰਿਮੰਦਰ ਸਾਹਿਬ ਕੌਮ ਦੀ ਇਬਾਦਤਗਾਹ ਹੈ ਅਤੇ ਅਕਾਲ ਤਖਤ ਸਾਹਿਬ ਉਸ ਇਬਾਦਤਗਾਹ ਦੀ ਚੌਂਕੀ ਹੈ।

ਅਕਾਲ ਤਖਤ ਅਸਲ ਵਿਚ ਭਗਤੀ ਤੇ ਸ਼ਕਤੀ ਦੇ ਸੰਤੁਲਨ, ਤਿਆਗ ਅਤੇ ਤੇਗ ਦੇ ਫਲਸਫੇ ਦਾ ਨਾਂ ਹੈ। ਹਰਿਮੰਦਰ ਮੰਤਰ ਰੂਪ ਹੈ, ਅਕਾਲ ਤਖਤ ਤੰਤਰ ਰੂਪ ਹੈ। ਹਰਿਮੰਦਰ ਵਿੱਚ ਨਿਰੰਤਰ ਅਮਿਉਂ ਰਸ ਚੋਂਦਾ ਹੈ, ਅਕਾਲ ਤਖਤ ਵਿੱਚ ਧੌਂਸੇ ਵੱਜਦੇ ਹਨ, ਤੇਗਾਂ ਲਿਸ਼ਕਦੀਆਂ ਹਨ। ਹਰਿਮੰਦਰ ਵਿਚ ਸ਼ਸਤਰ ਦਾ ਪ੍ਰਕਾਸ਼ ਹੈ, ਅਕਾਲ ਤਖਤ ਵਿੱਚ ਸ਼ਸਤਰਾਂ ਦੀ ਪ੍ਰਦਰਸ਼ਨੀ ਹੈ। ਹਰਿਮੰਦਰ ਸਾਹਿਬ ਸਿੱਖ ਕੌਮ ਦੇ ਧਾਰਮਿਕ ਗੌਰਵ ਦਾ ਪ੍ਰਤੀਕ ਹੈ, ਅਕਾਲ ਤਖਤ ਉਨ੍ਹਾਂ ਦੀ ਰਾਜ ਸੱਤਾ ਦਾ ਚਿੰਨ੍ਹ ਹੈ।"ਸ੍ਰੀ ਅਕਾਲ ਤਖਤ ਸਾਹਿਬ ਉਸ "ਦਲਿ ਭੰਜਨ ਗੁਰ ਸੂਰਮੇ" ਦੀ ਮਹਾਨ ਬਖਸ਼ਿਸ਼ ਹੈ ਜਿੱਥੋਂ ਢਾਡੀਆਂ ਦੀਆਂ ਬੀਰ ਰਸੀ ਵਾਰਾਂ ਨੇ ਕੌਮ ਨੂੰ ਨਵਾਂ ਜੀਵਨ, ਉਤਸ਼ਾਹ ਤੇ ਉਮਾਹ ਦਿੱਤਾ, ਜਿਥੋਂ ਗੁਰੂ ਹੁਕਮ ਨੇ ਸੁੱਤੀਆਂ ਸੋਚਾਂ ਨੂੰ ਝੰਜੋੜ ਕੇ ਸਮੇਂ ਦੇ ਮਹਾਨ ਯੋਧੇ ਤੇ ਬਲਵਾਨ ਬਣਾਇਆ। ਇਥੋਂ ਪਈ ਨਗਾਰੇ ਦੀ ਧਮਕ, ਨਿਰਮਲ ਪੰਥ ਵਿਰੁੱਧ ਘਾੜਤਾਂ ਘੜ ਰਹੀਆਂ ਦੋਖੀ ਤਾਕਤਾਂ ਲਈ ਵੰਗਾਰ ਬਣ ਗਈ। ਇਥੋਂ ਘੋੜ ਸਵਾਰੀ, ਫੌਜਾਂ ਤੇ ਕਿਲਿਆਂ ਦਾ ਨਿਰਮਾਣ ਹੋਇਆ। ਇਥੋਂ ਸਜੀ ਪੱਗ ਵੀ ਸਮੇਂ ਦੇ ਜਾਲਮ ਬਾਦਸ਼ਾਹ ਲਈ ਵੰਗਾਰ ਬਣ ਗਈ ਜਦ ਗੁਰੂ ਘਰ ਦੇ ਢਾਡੀਆਂ ਨੇ ਗਾਇਆ, "ਪੱਗ ਤੇਰੀ ਕੀ ਜਹਾਂਗੀਰ ਦੀ? ਇਹ ਸਤਾਰਵੀਂ ਸਦੀ ਦੇ ਮੁਢਲੇ ਦਹਾਕੇ ਵਿਚ ਉਠੀਆਂ ਗੂੰਜਾਂ ਅੱਜ ਵੀ ਨਾਨਕ ਨਿਰਮਲ ਪੰਥ ਦੀ ਜੀਵਨ ਜੁਗਤੀ ਸੁਤੰਤਰਤਾ ਤੇ ਅਜਾਦ ਹਸਤੀ ਦੀਆਂ ਲਖਾਇਕ ਹਨ।ਹੁਣ ਵਰਤਮਾਨ ਦੀ ਗੱਲ ਕਰੀਏ ਤਾਂ ਅੱਜ ਵੀ ਵਿਸ਼ਵ ਭਰ ਦੀਆਂ ਸੰਗਤਾਂ ਦੀ ਕੌਮੀ ਮੁੱਦਿਆਂ ਪ੍ਰਤੀ ਆਸ ਸ੍ਰੀ ਅਕਾਲ ਤਖਤ ਸਾਹਿਬ ਨਾਲ ਜੁੜੀ ਹੈ ਅਤੇ ਇਥੋਂ ਹੁੰਦੇ ਹਰ ਫੈਸਲੇ ਨੂੰ ਉਚੇਚ ਸਮਝਿਆ ਜਾਂਦਾ ਹੈ।ਸੰਸਾਰ ਭਰ 'ਚ ਵੱਸਦਾ ਨਾਨਕ ਨਾਮ-ਲੇਵਾ ਇਥੇ ਆ ਕੇ ਅੰਮ੍ਰਿਤ ਦਾ ਦਾਤ ਪ੍ਰਾਪਤ ਕਰਨੀ ਫਖਰ ਸਮਝਦਾ ਹੋ ਅਤੇ ਮਾਣ ਨਾਲ ਕਹਿੰਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਅੰਮ੍ਰਿਤ ਛਕਿਆ ਹੈ। ਬੇਅੰਤ ਸੰਗਤਾਂ ਅੰਮ੍ਰਿਤ ਦੀ ਦਾਤ ਲੈ ਕੇ ਇਥੇ ਗੁਰੂ ਨਾਲ ਜੁੜੀਆਂ, ਜੁੜਦੀਆਂ ਰਹੀਆਂ ਤੇ ਜੁੜਦੀਆਂ ਰਹਿਣਗੀਆਂ।ਅੱਜ ਵੀ 'ਸਿੱਖ ਰਹਿਤ ਮਰਯਾਦਾ' ਦੇ ਪ੍ਰਚਾਰ ਤੇ ਪਾਸਾਰ ਲਈ ਉਦਮੀ ਗੁਰਸਿੱਖਾਂ ਨੂੰ ਇਹ ਕਹਿੰਦਿਆਂ ਸੁਣੋਗੇ ਕਿ ਅਸੀਂ ਅਕਾਲ ਤਖਤ ਸਾਹਿਬ ਜੀ ਦੀ ਮਰਯਾਦਾ ਨੂੰ ਮੰਨਦੇ ਹਾਂ।ਅੱਜ ਵੀ ਵੱਖ-ਵੱਖ ਪਿੰਡਾਂ, ਇਲਾਕਿਆਂ ਤੇ ਦੇਸ਼ ਪ੍ਰਦੇਸ਼ ਦੇ ਧਾਰਮਿਕ ਮਸਲਿਆਂ ਦੇ ਹੱਲ ਲਈ ਕੌਮ ਦੇ ਵਾਰਸ ਇਧਰ ਹੀ ਵਹੀਰਾਂ ਘੱਤ ਕੇ ਆਉਂਦੇ ਹਨ।ਇਥੋਂ ਚਾਹੇ ਨਕਲੀ ਨਿਰੰਕਾਰੀਆਂ ਦੀਆਂ ਪੰਥ ਵਿਰੋਧੀ ਗਤੀਵਿਧੀਆਂ ਦੇ ਵਿਰੁੱਧ ਹੁਕਮਨਾਮਾ ਜਾਰੀ ਹੋਇਆ, ਚਾਹੇ ਭਰੂਣ ਹੱਤਿਆ ਵਰਗੇ ਨਾਜ਼ਕ ਵਿਸ਼ੇ 'ਤੇ, ਚਾਹੇ ਜੂਨ ਚੌਰਾਸੀ ਦੇ ਘੱਲੂਘਾਰੇ ਦੇ ਦੋਸ਼ੀਆਂ ਖਿਲਾਫ਼, ਭਾਵੇਂ ਕਬਰਾਂ ਮੜੀਆਂ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਨਾ ਕਰਨ ਸਬੰਧੀ ਹੋਵੇ ਜਾਂ ਇਥੋਂ 'ਨਾਨਕਸ਼ਾਹੀ ਕੈਲੰਡਰ' ਲਾਗੂ ਹੋਣ ਦੀ ਗੱਲ ਹੋਈ, ਇਹ ਸਭਨਾਂ ਦੇ ਗਿਆਤ ਹਿੱਤ ਹੋਵੇਗਾ ਕਿ ਕੁਝ ਕੁ ਪ੍ਰਤੀਸ਼ਤ ਲੋਕਾਂ ਦੇ 'ਨਾਨਕਸ਼ਾਹੀ ਕੈਲੰਡਰ' ਪ੍ਰਤੀ ਰੋਸਾ ਕਰਨ ਦੇ ਬਾਵਜੂਦ ਵੀ ਵਿਸ਼ਵ ਭਰ ਦੇ ਨਾਨਕ ਨਾਮ-ਲੇਵਾ ਪੰਥ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਸਤਿਕਾਰ ਕਰਦਿਆਂ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕੀਤਾ ਹੈ ਅਤੇ ਸਭ ਦਿਨ ਦਿਹਾਰ, ਪੁਰਬ ਇਸ ਅਨੁਸਾਰੀ ਮਨਾਏ ਜਾ ਰਹੇਹਨ।

ਇਹ ਗੱਲ ਆਮ ਕਹੀ ਜਾਂਦੀ ਹੈ ਕਿ ਕਾਲ ਕੋਈ ਭੀ ਹੋਵੇ, ਭੂਤ-ਭਵਿੱਖ ਜਾਂ ਵਰਤਮਾਨ, ਸ੍ਰੀ ਅਕਾਲ ਤਖਤ ਮਹਾਨ ਹੈ, ਸਿੱਖ ਪੰਥ ਦੀ ਸ਼ਾਨ ਹੈ।ਵਰਤਮਾਨ ਸਮੇਂ 'ਚ ਕੁਝ ਕੁ ਲੋਕ ਗਲਤ ਪ੍ਰਚਾਰ ਕਰ ਰਹੇ ਹਨ ਕਿ ਅਜੋਕੇ ਸਮੇਂ 'ਚ ਇਸ ਦੀ ਅਹਿਮੀਅਤ ਨਹੀਂ, ਜੇਕਰ ਕਿਸੇ ਦੀਆਂ ਊਣਤਾਈਆਂ ਕਰਕੇ ਸਜ਼ਾ ਦੇਣੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਦੇਣ, ਅਸੀਂ ਬਾਗ਼ੀ ਹਾਂ। ਕਿਸ ਨੂੰ ਛੇਕਣਾ ਕਬੀਲਾਈ ਸੋਚ ਹੈ। ਅਸੀਂ ਸਿੰਘ ਸਾਹਿਬ ਜਾਂ ਜਥੇਦਾਰ ਨੂੰ ਪੁਜਾਰੀ ਕਹਿੰਦੇ ਹਾਂ।ਪਹਿਲੀ ਗੱਲ ਕਿ ਨਿਯਮਤ ਸਿਸਟਮ ਤੋਂ ਬਿਨਾਂ ਕੋਈ ਵੀ ਜਥੇਬੰਦਕ ਧਰਮ ਚੱਲ ਹੀ ਨਹੀਂ ਸਕਦਾ।

ਹਾਂ, ਉਸ ਦੇ ਸੁਧਾਰ ਲਈ ਸੁਝਾਅ ਦੇਣਾ ਹੋਰ ਗੱਲ ਹੈ ਪਰ ਉਸਦੇ ਮੂਲ ਧੁਰੇ ਨੂੰ ਹੀ ਰੱਦ ਕਰਨਾ ਖਤਰਨਾਕ ਸ਼ਰਾਰਤ ਹੈ। ਉਂਜ ਇਹ ਸਾਰਾ ਵਰਤਾਰਾ ਪੰਥ 'ਚੋਂ ਛੇਕੇ ਹੋਏ ਕੁਝ ਕੁ ਦਿਮਾਗਾਂ ਦੀ ਉਪਜ ਹੈ ਜੋ ਪੰਜ ਕਕਾਰ, ਅੰਮ੍ਰਿਤ ਵੇਲਾ, ਨਿੱਤਨੇਮ ਦੀਆਂ ਬਾਣੀਆਂ, ਖੰਡੇ-ਬਾਟੇ ਦੇ ਅੰਮ੍ਰਿਤ, ਅੰਮ੍ਰਿਤ ਦੀਆਂ ਬਾਣੀਆਂ, ਦਸਮ ਪਿਤਾ ਦੀ ਬਾਣੀ ਅਤੇ ਹੋਰ ਅਨੇਕਾਂ ਵਿਸ਼ਿਆਂ, ਕੌਮੀ ਸਿਧਾਂਤਾਂ-ਵਿਸ਼ਵਾਸਾਂ ਉੱਤੇ ਬੇਲੋੜਾ ਵਾਦ-ਵਿਵਾਦ ਵਧਾਉਣਾ ਆਪਣੀ ਵਿਦਵਤਾ ਸਮਝ ਰਹੇ ਹਨ।'ਹੁਕਮਨਾਮੇ-ਆਦੇਸ-ਸੰਦੇਸ਼' ਵਿਚ ਸ. ਰੂਪ ਸਿੰਘ ਜੀ ਨੇ ਬਹੁਤ ਵਧੀਆ ਲਿਖਿਆ ਹੈ ਕਿ "ਸ੍ਰੀ ਅਕਾਲ ਤਖਤ ਸਾਹਿਬ ਤੋਂ ਸੁਣਾਈ ਗਈ ਧਾਰਮਿਕ ਸਜਾ ਦਾ ਅਸਲ ਮਨੋਰਥ ਕਿਸੇ ਦੋਸ਼ੀ ਨੂੰ ਦੋਸ਼ੀ ਬਣਾ ਕੇ ਉਸ ਦਾ ਨਿਰਾਦਰ ਕਰਨਾ ਨਹੀਂ, ਸਗੋਂ ਵਿਅਕਤੀ ਵਿਸ਼ੇਸ਼ ਵਿੱਚ ਆਈ ਵਕਤੀ ਕਮਜ਼ੋਰੀ, ਸਿਧਾਂਤਕ ਢਿਲਿਆਈ ਨੂੰ ਦੂਰ ਕਰ ਕੇ, ਉਸ ਨੂੰ ਮਨ-ਬਚਨ ਕਰਮ ਤੋਂ ਪਵਿੱਤਰ ਬਣਾਉਂਦਿਆਂ, ਚੜ੍ਹਦੀ ਕਲਾ ਦਾ ਜੀਵਨ ਪ੍ਰਦਾਨ ਕਰਨਾ ਹੈ।"ਇਸ ਨੁਕਤੇ ਤੋਂ ਇਸ ਮਰਯਾਦਾ ਨੂੰ ਸਮਝਣ ਵਿਚ ਸ਼ੰਕਾ ਹੋ ਸਕਦਾ ਹੈ ਕਿ ਇਥੋਂ ਤੋੜਿਆ (ਛੇਕਿਆ) ਜਾਣਾ ਵੀ ਅਸਲ ਵਿਚ ਪੰਥ ਨਾਲ ਜੋੜਨ ਦੀ ਪਿਰਤ ਹੈ। ਅੱਜ ਤਕ ਇਹ ਕਦੇ ਨਹੀਂ ਹੋਇਆ ਕਿ ਕੋਈ ਆਪਣੀ ਭੁੱਲ ਬਖਸ਼ਾਉਣ ਆਇਆ ਹੋਵੇ ਤੇ ਉਸ ਲਈ ਕਦੇ ਦਰਵਾਜੇ ਬੰਦ ਹੋਏ ਹੋਣ।...ਕੁਝ ਕੁ ਸੰਗਤਾਂ 'ਚ ਕੁਝ ਚਲਾਕ ਲੋਕਾਂ ਵੱਲੋਂ ਇਹ ਭਰਮ ਪਾਇਆ ਜਾ ਰਿਹਾ ਹੈ ਕਿ ਅਕਾਲ ਤਖਤ ਸਾਹਿਬ ਤੋਂ ਸਿਰਫ਼ ਸਜ਼ਾ ਹੀ ਦਿੱਤੀ ਜਾਂਦੀ ਹੈ, ਜਦ ਕਿ ਇਥੋਂ ਗੁਰੂ ਪੰਥ ਲਈ ਘਾਲਣਾ ਘਾਲਣ ਵਾਲੇ ਗੁਰਸਿੱਖਾਂ ਦਾ ਮਾਣ-ਸਨਮਾਨ ਵੀ ਸਮੇਂ-ਸਮੇਂ ਹੋਇਆ ਅਤੇ ਉਚੇਚ ਉਪਾਧੀਆਂ ਵੀ ਦਿੱਤੀਆਂ ਗਈਆਂ ਹਨ।ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸਰਵਉਚਤਾ ਦਾ ਹੀ ਰਾਜ ਹੈ ਕਿ ਇਨ੍ਹਾਂ ਨੂੰ ੧੭੫੭,੧੭੬੨,੧੭੬੪ ਈ. ਵਿਚ ਤਿੰਨ ਵਾਰ ਮੁਗਲ ਹੁਕਮਰਾਨਾਂ ਅਤੇ ਅਫਗਾਨ ਹਮਲਾਵਰਾਂ ਨੇ ਢਾਹਿਆ ਅਤੇ ਜੂਨ ੧੯੮੪ 'ਚ ਆਪਣੇ ਦੇਸ਼ ਦੀ ਸਰਕਾਰ ਨੇ, ਪਰ ਇਨ੍ਹਾਂ ਸਭਨਾਂ ਨੂੰ ਸ਼ਾਇਦ ਇਸ ਗੱਲ ਦਾ ਅਹਿਸਾਸ ਨਹੀਂ ਸੀ ਕਿ ਇਹ ਸਿਰਫ਼ ਇਮਾਰਤ ਦਾ ਨਾਉਂ ਹੀ ਨਹੀਂ ਹੈ. ਇਸ ਦੀ ਹਰ ਇੱਟ ਨਾਲ ਸਿੱਖਾਂ ਦਾ ਹਿਰਦਾ ਜੁੜਿਆ ਹੋਇਆ ਹੈ। ਜਿਸ ਦਾ ਸਿਰਜਣਹਾਰਾ 'ਸੱਚਾ ਪਾਤਸ਼ਾਹ' ਹੋਵੇ ਤੇ ਜਿਸ ਤਖਤ ਦਾ ਵਾਸਾ ਕੌਮੀ ਵਾਰਸਾਂ ਦੇ ਹਿਰਦੇ 'ਚ ਹੋਵੇ, ਉਸ ਨੂੰ ਭੰਨਣਾ ਤੋੜਨਾ, ਤਹਿਸ-ਨਹਿਸ ਕਰਨਾ ਕਿਸੇ ਮੂੜ ਮੱਤੀਏ ਦਾ ਵਕਤੀ ਭਰਮ ਤਾਂ ਹੋ ਸਕਦਾ ਹੈ, ਪਰ ਸੱਚਾਈ ਤੋਂ ਕੋਹਾਂ ਦੂਰ ਹੈ।

ਇਹਦੀ ਅਜ਼ਮਤ ਲਈ ਹਰ ਸਦੀ 'ਚ ਕੌਮੀ ਪਰਵਾਨਿਆਂ ਨੇ ਆਪਾ ਕੁਰਬਾਨ ਕੀਤਾ ਹੈ।ਹੁਣ ਵਿਚਾਰਿਆ ਜਾਵੇ ਕਿ ਜੇ ਇਸ ਦੀ ਵਿਸ਼ੇਸ਼ ਮਹਾਨਤਾ ਹੈ ਤਾਂ ਹੀ ਪੰਥ ਵਿਰੋਧੀ ਸ਼ਕਤੀਆਂ ਵੱਖ-ਵਖ ਤਰੀਕਿਆਂ ਨਾਲ ਇਸ ਉੱਤੇ ਹਮਲੇ ਕਰਦੀਆਂ ਹਨ। ਅਕਾਲ ਤਖਤ ਸਾਹਿਬ ਆਪਣੀ ਹੋਂਦ ਸਮੇਂ ਤੋਂ ਲੈ ਕੇ ਪੰਥ ਦੀ ਯੋਗ ਅਗਵਾਈ ਕਰਦਾ ਆਇਆ ਹੈ ਤੇ ਕਰਦਾ ਰਹੇਗਾ। ਇਸ ਦੀ ਨੀਂਹ ਸਿਦਕਵਾਨ, ਕਰਮ ਯੋਗੀਆਂ ਬਾਣੀ ਦੇ ਰਸੀਏ ਧਰਮੀਆਂ ਨੇ ਰੱਖੀ ਹੈ। ਇਸ ਦੇ ਸਿਰਜਣਹਾਰ ਸਤਿਗੁਰੂ ਆਪ ਨੇ। ਇਥੋਂ ਦਾ ਇਕ ਨਿਵੇਕਲਾ ਇਤਿਹਾਸ ਹੈ। ਇਤਿਹਾਸ ਕੁਰਬਾਨੀ ਵਾਲਿਆਂ ਦਾ ਹੁੰਦਾ ਹੈ, ਕੁਰਬਾਨੀ ਸਮਰਪਿਤ ਭਾਵਨਾ ਵਾਲੇ ਹੀ ਕਰ ਸਕਦੇ ਹਨ। ਇਹ ਪੰਥਕ ਸ਼ਕਤੀ ਦਾ ਗੜ੍ਹ ਹੈ। ਇਸੇ ਲਈ ਰੋਜਾਨਾ ਅਰਦਾਸ ਵਿਚ ਹਰ ਗੁਰਸਿੱਖ ਪੰਜਾਂ ਤਖਤਾਂ ਤੇ ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ 'ਵਾਹਿਗੁਰੂ' ਬੋਲਦਾ ਹੈ। ਸ੍ਰੀ ਅਕਾਲ ਤਖਤ ਸਾਹਿਬ ਸਮੁੱਚੇ ਪੰਥ ਦਾ ਹੀ ਮਾਣ ਰਿਹਾ ਹੈ ਅਤੇ ਜੁਗਾਂ-ਜੁਗਾਂਤਰਾਂ ਤਕ ਰਹੇਗਾ। ਇਸ ਦੀ ਆਨ-ਸ਼ਾਨ ਤੇ ਸਵੈਮਾਣ ਨੂੰ ਬਰਕਰਾਰ ਰੱਖਣ ਲਈ ਸਦਾ ਤਤਪਰ ਰਹਿਣਾ ਸਾਡਾ ਸਭਨਾਂ ਦਾ ਫਰਜ਼ ਹੈ।

**ਡਾ. ਇੰਦਰਜੀਤ ਸਿੰਘ ਗੋਗੋਆਣੀ**

# ਖਾਲਸਾਈ ਚੜ੍ਹਦੀਕਲਾ ਦੀ ਅਮੀਰ ਪਰੰਪਰਾ



ਇਹ ਗੱਲ ਸਾਰੇ ਸੰਸਾਰ ਦੇ ਇਤਿਹਾਸਕਾਰਾਂ ਲਈ ਹੈਰਾਨੀ ਭਰੀ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਸ਼ਹੀਦੀਆਂ ਤੋਂ ਬਾਅਦ, ਜਿਸ ਸਮੇਂ ਸਿੱਖਾਂ ਪੁਰ ਕਹਿਰਾਂ ਦੇ ਜ਼ੁਲਮ ਢਾਹੇ ਜਾ ਰਹੇ ਸਨ, ਉਨ੍ਹਾਂ ਦਾ ਖੁਰਾ-ਖੋਜ ਮਿਟਾ ਦੇਣ ਲਈ ਸ਼ਿਕਾਰ ਮੁਹਿੰਮਾਂ ਛੇੜ ਦਿੱਤੀਆਂ ਗਈਆਂ ਸਨ। ਅਤੇ ਉਨ੍ਹਾਂ ਦੇ ਸਿਰਾਂ ਦੇ ਮੁੱਲ ਨਿਸ਼ਚਿਤ ਕਰ ਦਿੱਤੇ ਗਏ ਸਨ। ਉਨ੍ਹਾਂ ਹਾਲਾਤਾਂ ਵਿੱਚ ਵੀ ਸਿੱਖ ਜੰਗਲਾਂ-ਬੇਲਿਆਂ ਵਿੱਚ ਸਿਰ ਛੁਪਾਈ ਫਿਰਦੇ ਚੜ੍ਹਦੀਕਲਾ ਵਿੱਚ ਹੀ ਵਿਚਰਦੇ ਦਿਖਾਈ ਦਿੰਦੇ ਸਨ। ਨਾ ਤਾਂ ਉਨ੍ਹਾਂ ਵਿੱਚ ਨਿਰਾਸ਼ਾ ਨਜ਼ਰ ਆਉਂਦੀ ਸੀ ਤੇ ਨਾ ਹੀ ਚੇਹਰਿਆਂ ਪੁਰ ਉਦਾਸੀਨਤਾ ਜਾਂ ਥਕਾਵਟ ਦੇ ਚਿੰਨ੍ਹ। ਪੰਥ ਪ੍ਰਕਾਸ਼ ਦੇ ਕਰਤਾ ਦੇ ਸ਼ਬਦਾਂ ਵਿੱਚ:

'ਨਾਹਿੰ ਜ਼ਖੀਰੇ ਸਿੰਘਨ ਪਾਸ।
ਸਸਤ੍ਰ ਬਸਤਰ ਹੀਨ ਸੁ ਖਾਸ।
ਨਾਂਗੇ ਖਰੇ, ਔਂ ਭੁਖੇ ਪਯਾਸੇ।
ਦਾਰੂ ਸਿੱਕਾ ਨਹਿ ਕਛੁ ਪਾਸੇ।
ਹਾਟ ਪਟਨ ਬਾਜ਼ਾਰ ਸੁ ਨਾਹੀਂ।
ਰੋਗੀ ਔਖਧ ਬਿਨ ਮਰ ਜਾਹੀਂ।

ਵਰਗੇ ਹਾਲਾਤ ਵੀ ਉਨ੍ਹਾਂ ਦੇ ਦਿਲਾਂ ਵਿੱਚ ਢਹਿੰਦੀ ਕਲਾ ਜਾਂ ਕਦਮਾਂ ਵਿੱਚ ਡਗਮਗਾਹਟ ਨਾ ਲਿਆ ਸਕੇ। ਇਨ੍ਹਾਂ ਹਾਲਾਤਾਂਵਿੱਚ ਵੀ ਉਹ ਚੜ੍ਹਦੀ ਕਲਾ ਵਿੱਚ ਹੀ ਵਿਚਰਦੇ ਰਹੇ ਸਨ। ਇਸਦਾ ਕਾਰਨ ਇਹ ਸੀ ਕਿ 'ਗੁਰਬਚਨਨ ਕੀ ਉਨਕੇ ਆਸ। ਯਹੀ ਖ਼ਜਾਨੇ ਸਿੰਘਨ ਪਾਸ।'ਗੁਰੂ ਅਰਜਨ ਦੇਵ ਜੀ ਦੇ ਸਾਈਂ ਮੀਆਂ ਮੀਰ ਨੂੰ ਕਹੇ ਬਚਨ ਕਿ 'ਤਸੀਹੇ ਇਸ ਕਾਰਨ ਝੱਲ ਰਹੇ ਹਾਂ ਕਿ ਕਸ਼ਟ ਸਹਾਰਦਿਆਂ ਵੀ ਸਬਰ ਦਾ ਪੱਲਾ ਨਾ ਛੱਡਿਆ ਜਾਏ ਅਤੇ ਵਾਹਿਗੁਰੂ ਨੂੰ ਕੋਸਣ ਦੀ ਬਜਾਏ, ਉਸਦੇ ਭਾਣੇ ਨੂੰ ਮਿੱਠਾ ਕਰ ਮੰਨਿਆ ਜਾਏ', ਉਨ੍ਹਾਂ ਦਾ ਮਾਰਗ ਦਰਸ਼ਨ ਕਰ ਰਹੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ 'ਜੁ ਗੁਰ ਕਰਹੈ ਸੋਈ ਹੋਹੈਂ। ਇਸ ਕਾਰਨ 'ਦੁਖ ਸੁਖ ਵਾਰ ਨਫੇ ਨੁਕਸਾਨੈ, ਭਾਣਾ ਗੁਰ ਕਾ ਖੁਸ਼ ਹੋ ਮਾਨੈ।' ਇਸੇ ਵਿਸ਼ਵਾਸ ਕਾਰਨ ਹੀ ਮੌਤ ਨੂੰ ਮਖੌਲਾਂ ਕਰਨਾ ਸਿੱਖਾਂ ਦਾ ਸੁਭਾਉ ਬਣ ਗਿਆ ਹੋਇਆ ਸੀ। ਉਨ੍ਹਾਂ ਆਪਣੇ ਵਿਸ਼ਵਾਸ ਨੂੰ ਦ੍ਰਿੜ੍ਹ ਕਰੀ ਰੱਖਣ ਲਈ ਆਪਣੇ ਬੋਲੇ ਵੀ ਚੜ੍ਹਦੀ ਕਲਾ ਵਾਲੇ ਬਣਾ ਲਏ ਸਨ। ਜਿਵੇਂ 'ਛੋਲਿਆਂ ਨੂੰ ਬਦਾਮ', 'ਭੁੱਖੇ ਰਹਿਣ' ਨੂੰ 'ਕੜਾਕੇ ਕਢਣਾ', 'ਘਾਹ' ਨੂੰ 'ਹਰਾ ਪਲਾਓ', ਲੰਗਰ ਵਿੱਚ ਅੰਨ ਪਾਣੀ ਨਾ ਹੋਣ ਤੇ ਲੰਗਰ ਮਸਤਾਨਾ ਕਹਿਣਾ ਆਦਿ ਅਜਿਹੇ ਬੋਲ ਸਨ, ਜੋ ਉਨ੍ਹਾਂ ਦੇ ਦਿਲ ਵਿਚਲੀਆਂ ਭਾਵਨਾਵਾਂ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਵਿੱਚ ਸਹਾਇਕ ਹੁੰਦੇ ਸਨ।ਚੜ੍ਹਦੀ ਕਲਾ ਵਿੱਚ ਵਿਚਰਨ ਦਾ ਇਕ ਕਾਰਨ ਇਹ ਵੀ ਸੀ ਕਿ ਮੁਸੀਬਤਾਂ ਨੇ ਸਾਰਿਆਂ ਨੂੰ ਇਕੱਠਿਆਂ ਕਰ ਦਿੱਤਾ ਹੋਇਆ ਸੀ। ਉਹ ਇਕ ਦੂਜੇ ਪੁਰ ਜਾਨ ਛਿੜਕਣ ਲਈ ਸਦਾ ਤਤਪਰ ਰਹਿੰਦੇ ਸਨ : 'ਸਿੱਖ ਸਿੱਖ ਪੈ ਵਾਰਤ ਪਰਾਨ।' ਹਾਲਤ ਇਹ ਬਣ ਗਈ : 'ਕੋਈ ਨਾ ਕਰੈ ਸ਼ਰੀਕਾ। ਕੋਈ ਨਾ ਸੁਣਾਵੈ ਦੁੱਖ ਆਪਣੇ ਜੀਅ ਕਾ।" ਕਾਜ਼ੀ ਨੂਰ ਮੁਹੰਮਦ, ਜੋ ਨਫਰਤ ਵਿੱਚ ਗ੍ਰਸਿਆ ਸਿੱਖਾਂ ਨੂੰ 'ਸੱਗ' (ਕੁੱਤੇ) ਤੱਕ ਦੇ ਨਾਂ ਨਾਲ ਸੰਬੋਧਨ ਕਰਨੋ ਸੰਕੋਚ ਨਹੀਂ ਸੀ ਕਰਦਾ, ਦੇ ਕਥਨ ਅਨੁਸਾਰ 'ਸਿੱਖ ਆਗੂਆਂ ਵਿੱਚ ਭਰਾਵਾਂ ਵਾਲਾ ਪਿਆਰ ਸੀ।'

ਤਸੀਹੇ ਸਹਿੰਦਿਆਂ ਅਤੇ ਦੁੱਖਾਂ ਵਿੱਚ ਰਹਿੰਦਿਆਂ ਉਹ ਇਨ੍ਹਾਂ ਦੇ ਇਤਨੇ ਅਭਿਆਸੀ ਹੋ ਗਏ ਸਨ ਕਿ ਜੰਗਲਾਂ-ਬੇਲਿਆਂ ਵਿਚ ਛੁਪਦੇ-ਫਿਰਦਿਆਂ ਵੀ ਚੜ੍ਹਦੀ ਕਲਾ ਵਿੱਚ ਬਣੇ ਰਹਿਣਾ, ਉਨ੍ਹਾਂ ਦਾ ਸੁਭਾਅ ਬਣ ਗਿਆਹੋਇਆ ਸੀ। ਘੋੜਿਆਂ ਦੀਆਂ ਕਾਠੀਆਂ ਉਨ੍ਹਾਂ ਦੇ ਘਰ ਬਣ ਗਏ ਸਨ।ਪੰਜਾਬ ਦੇ ਚੱਪੇ-ਚੱਪੇ ਤੋਂ ਵਾਕਿਫ ਹੋਣ ਕਾਰਨ ਉਹ ਆਪਣੇ ਨੁਕਸਾਨ ਦੇ ਮੁਕਾਬਲੇ ਦੁਸ਼ਮਣ ਦਾ ਬਹੁਤਾ ਨੁਕਸਾਨ ਕਰਨ ਦੇ ਸਮਰੱਥ ਹੋ ਗਏ ਹੋਏ ਹਨ। ਉਨ੍ਹਾਂ ਦੀ ਜੰਗੀ-ਰਣਨੀਤੀ ਦੇ ਬਾਰੇ ਕਾਜ਼ੀ ਨੂਰ ਮੁਹੰਮਦ ਲਿਖਦਾ ਹੈ ਕਿ 'ਜਦੋਂ ਉਹ ਮੈਦਾਨ ਵਿੱਚੋਂ ਭੱਜਦੇ ਜਾ ਰਹੇ ਹੋਣ ਤਾਂ ਇਹ ਨਾ ਸਮਝ ਲੈਣਾ ਕਿ ਉਹ ਹਾਰ ਮੰਨ, ਮੈਦਾਨ ਛੱਡ ਭੱਜ ਗਏ ਹਨ, ਸਗੋਂ ਇਹ ਤਾਂ ਉਨ੍ਹਾਂ ਦਾ ਜੰਗੀ ਪੈਂਤੜਾ ਹੁੰਦਾ ਹੈ। ਉਨ੍ਹਾਂ ਦੇ ਪਿਛਾਂਹ ਵੱਲ ਨੂੰ ਸਰਪਟ ਦੌੜਦੇ ਜਾਂਦੇ ਘੋੜ ਸਵਾਰ ਇਕ ਦਮ ਰੁਕ ਕੇ, ਅਜਿਹਾ ਭਰਵਾਂ ਵਾਰ ਕਰ ਬੈਠਦੇ ਹਨ ਕਿ ਦੁਸ਼ਮਣ ਉਨ੍ਹਾਂ ਦੇ ਅਚਾਨਕ ਹੋਏ ਇਸ ਹਮਲੇ ਕਾਰਨ ਇਤਨਾ ਹਕਬਕਾ ਜਾਂਦਾ ਹੈ ਕਿ ਉਸਨੂੰ ਸਮਝ ਹੀ ਨਹੀਂ ਆਉਂਦੀ ਕਿ ਉਹ ਕੀ ਕਰੇ, ਜਦੋਂ ਤੱਕ ਉਹ ਆਪਣੇ ਆਪ ਨੂੰ ਸੰਭਾਲਦਾ ਹੈ, ਸਿੱਖ ਆਪਣਾ ਵਾਰ ਕਰ, ਹਰਨ ਹੋ ਗਏ ਹੁੰਦੇ ਹਨ।ਕਾਜ਼ੀ ਨੂਰ ਮੁਹੰਮਦ ਉਨ੍ਹਾਂ ਦੇ ਲੜਾਈ ਦੇ ਹੁਨਰ ਦੀ ਪ੍ਰਸੰਸਾ ਕਰਦਿਆਂ ਉਸਨੂੰ ਸਿੱਖਣ ਦੀ ਸਲਾਹ ਦਿੰਦਿਆਂ ਆਪਣੇ ਦੇਸ਼ ਦੇ ਫੌਜੀਆਂ ਨੂੰ ਕਹਿੰਦਾ ਹੈ ਕਿ 'ਜੇ ਤੁਹਾਨੂੰ ਲੜਾਈ ਦੇ ਕਸਬ ਸਿੱਖਣ ਦਾ ਚਾਅ ਹੈ ਤਾਂ ਤੁਸੀਂ ਰਣਭੂਮੀ ਵਿੱਚ ਇਨ੍ਹਾਂ (ਸਿੱਖਾਂ) ਦੇ ਸਾਹਮਣੇ ਹੋਵੋ। ਉਹ ਤੁਹਾਨੂੰ ਜੰਗ ਦੇ ਅਜਿਹੇ ਢੰਗ ਸਿਖਾਉਣਗੇ ਕਿ ਸਾਰੇ ਹੀ ਅਸ਼-ਅਸ਼ ਕਰ ਉਠਣਗੇ। ਉਹ ਆਪਣੇ ਤਲਵਾਰਬਾਜ਼ਾਂ ਨੂੰ ਆਖਦਾ ਹੈ ਕਿ ਜੇ ਤੁਹਾਨੂੰ ਜੰਗੀ ਹੁਨਰ ਸਿੱਖਣ ਦਾ ਚਾਹ ਹੈ, ਤਾਂ ਤੁਸੀਂ ਇਨ੍ਹਾਂ ਪਾਸੋਂ ਸਿੱਖੋ ਕਿ ਕਿਵੇਂ ਲੜਾਈ ਦੇ ਮੈਦਾਨ ਵਿੱਚੋਂ ਆਪਣੇ-ਆਪ ਨੂੰ ਸਾਫ ਬਚਾ ਕੇ ਨਿਕਲਿਆ ਜਾ ਸਕਦਾ ਹੈ। ਇਸੇ ਤਰ੍ਹਾਂ ਇਕ ਹੋਰ ਇਤਿਹਾਸਕਾਰ ਡਾ: ਸਿਨਹਾ ਲਿਖਦਾ ਹੈ ਕਿ 'ਸਿੱਖਾਂ ਦੀ ਲੜਾਈ ਦਾ ਢੰਗ-ਤਰੀਕਾ ਬਹੁਤ ਹੀ ਨਿਰਾਲਾ ਅਤੇ ਅੱਡਰੀ ਕਿਸਮ ਦਾ ਸੀ।

ਉਹ ਦੁਸ਼ਮਣ ਦਾ ਵਧੇਰੇ ਅਤੇ ਆਪਣਾ ਘੱਟ ਨੁਕਸਾਨ ਕਰਵਾਉਣ ਦੇ ਢੰਗ ਨੂੰ ਜਾਣਦੇ ਸਨ।ਜਿਨ੍ਹਾਂ ਦਾ ਰਣਭੂਮੀ ਵਿੱਚ ਸਿੱਖਾਂ ਨਾਲ ਆਮੋ-ਸਾਹਮਣਾ ਹੋਇਆ ਹੈ। ਉਨ੍ਹਾਂ ਫੌਜੀ ਕਮਾਂਡਰਾਂ ਦਾ ਮੰਨਣਾ ਹੈ ਕਿ ਪੰਜਾਬ ਵਿੱਚ ਸਿੱਖਾਂ ਨੂੰ ਹਰਾਇਆ ਜਾਣਾ ਕਿਸੇ ਵੀ ਤਰ੍ਹਾਂ ਸੰਭਵ ਨਹੀਂ। ਉਹ ਅਛੋਪਲੇ ਜਿਹੇ ਆਉਂਦੇ ਹਨ ਅਤੇ ਸ਼ੇਰਾਂ ਵਾਂਗ ਟੁੱਟ ਪੈਂਦੇ ਹਨ, ਜਦੋਂ ਤੱਕ ਅਸੀਂ ਸੰਭਾਲਦੇ ਹਾਂ, ਉਹ ਆਪਣਾ ਕੰਮ ਕਰ ਹਰਨ ਹੋ ਗਏ ਹੁੰਦੇ ਹਨ।ਸ਼ਹੀਦਾਂ ਦੀ ਪ੍ਰੇਰਨਾ :ਜਿਵੇਂ ਕਿ ਅਰੰਭ ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਕੋਈਵੀ ਅਜਿਹਾ ਜ਼ੁਲਮ ਬਾਕੀ ਨਹੀਂ ਸੀ ਰਹਿ ਗਿਆ ਹੋਇਆ ਸੀ. ਜੋ ਸਿੱਖਾਂ ਪੁਰ ਢਾਹਿਆ ਨਾ ਗਿਆ ਹੋਵੇ।

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅੰਤਾਂ ਦੇ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਣਾ. ਸੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਧੜ ਤੋਂ ਵੱਖ ਕੀਤਾ ਜਾਣਾ, ਉਨ੍ਹਾਂ ਤੋਂ ਪਹਿਲਾਂ ਭਾਈ ਮਤੀ ਦਾਸ ਜੀ, ਭਾਈ ਦਇਆਲਾ ਜੀ ਅਤੇ ਭਾਈ ਸਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਜਾਣਾ, ਉਬਲਦੀ ਦੇਗ ਵਿਚ ਉਬਾਲਿਆ ਜਾਣਾ ਅਤੇ ਰੂੰ ਵਿਚ ਲਪੇਟ ਕੇ ਸਾੜਿਆ ਜਾਣਾ, ਸਾਹਿਬਜ਼ਾਦਿਆਂ ਦਾ ਨੀਂਹਾਂ ਵਿੱਚ ਚਿਣਿਆ ਜਾਣਾ, ਬਾਬਾ ਬੰਦਾ ਸਿੰਘ ਬਹਾਦਰ ਨੂੰ ਜੰਬੂਰਿਆਂ ਨਾਲ ਨੋਚ-ਨੋਚ ਕੇ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਣਾ ਆਦਿ ਅਨੇਕਾਂ ਅਜਿਹੀਆਂ ਸ਼ਹੀਦੀਆਂ ਸਨ, ਜਿਨ੍ਹਾਂ ਦੀ ਪ੍ਰੇਰਨਾ ਸਦਕਾ ਸਿੱਖ ਸ਼ਹੀਦਾਂ ਦੀ ਝੜੀ ਲੱਗ ਗਈ ਸੀ।

ਇਨ੍ਹਾਂ ਸ਼ਹੀਦੀਆਂ ਦੇ ਪਿੱਛੇ ਗੁਰੂ ਸਾਹਿਬਾਨ ਵੱਲੋਂ ਸਥਾਪਤ ਉਹ ਆਦਰਸ਼ ਅਤੇ ਅਸੂਲ ਵੀ ਕੰਮ ਕਰ ਰਹੇ ਸਨ, ਜਿਨ੍ਹਾਂ ਅਨੁਸਾਰ ਗਰੀਬ-ਮਜ਼ਲੂਮ ਦੀ ਜ਼ਬਰ-ਜ਼ੁਲਮ ਤੇ ਅਨਿਆਇ ਤੋਂ ਰਖਿਆ ਨਿਸ਼ਚਿਤ ਕੀਤੀ ਗਈ ਹੋਈ ਸੀ। ਇਕ ਗੱਲ ਇਹ ਵੀ ਧਿਆਨ ਮੰਗਦੀ ਹੈ ਕਿ ਇਨ੍ਹਾਂ ਸ਼ਹੀਦੀਆਂ ਦੇ ਪਿੱਛੇ ਨਾ ਤਾਂ ਕੋਈ ਸੁਆਰਥ ਸੀ ਤੇ ਨਾ ਹੀ ਕਿਸੇ ਤਰ੍ਹਾਂ ਦੇ ਨਿਜੀ ਹਿਤ ਸਬੰਧਤ ਸਨ। ਜੇ ਕੁੱਝ ਸੀ ਤਾਂ ਗੁਰੂ ਸਾਹਿਬ ਵੱਲੋਂ ਬਖਸ਼ਿਆ ਜਬਰ ਤੇ ਜ਼ੁਲਮ ਦਾ ਨਾਸ ਕਰਨ ਦਾ ਦ੍ਰਿੜ੍ਹ ਇਰਾਦਾ।ਇਸ ਸਮੇਂ ਦੌਰਾਨ ਸਿੱਖਾਂ ਦਾ ਆਚਰਣ ਵੀ ਸਿਖਰਾਂ ਪੁਰ ਸੀ। ਜਿਸਦੀ ਮਿਸਾਲ ਉਸ ਸਮੇਂ ਪ੍ਰਚੱਲਤ ਰਹੇ ਇਸ ਕਥਨ ਤੋਂ ਮਿਲਦੀ ਹੈ :

'ਬਾਹਰ ਆਏ ਨੀਂ ਨਿਹੰਗ ਬੂਹੇ ਖੋਲ੍ਹ ਦੇ ਨਿਸੰਗ।'

ਕਾਜ਼ੀ ਨੂਰ ਮੁਹੰਮਦ ਵੱਲੋਂ ਬਿਆਨੀ ਇਕ ਘਟਨਾ ਇਸ ਗੱਲ ਦੀ ਸਾਖੀ ਇੰਜ ਭਰਦੀ ਹੈ। ਉਹ ਲਿਖਦਾ ਹੈ ਕਿ ਇਕ ਵਾਰ ਸਿੱਖਾਂ ਨੂੰ ਸੂਹ ਲੱਗੀ ਕਿ ਨੇੜੇ ਹੀ ਮੁਗਲਾਂ ਦਾ ਇਕ ਕੈਂਪ ਲੱਗਾ ਹੋਇਆ ਹੈ। ਉਹ ਝੱਟ ਹੀ ਤਲਵਾਰਾਂ ਸੂਤ, ਘੋੜਿਆਂ ਤੇ ਸਵਾਰ ਹੋ ਵਾਹੋਦਾਹੀ ਭਜ ਪਏ। ਜਦੋਂ ਉਹ ਕੈਂਪ ਦੇ ਨੇੜੇ ਪੁੱਜੇ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਕੈਂਪ ਮੁਗਲ ਸਿਪਾਹੀਆਂ ਦਾ ਨਹੀਂ, ਸਗੋਂ ਉਨ੍ਹਾਂ ਦੀਆਂ ਬੇਗਮਾਂ ਦਾ ਹੈ, ਤਾਂ ਉਨ੍ਹਾਂ ਝੱਟ ਹੀ ਤਲਵਾਰਾਂ ਮਿਆਨ ਵਿੱਚ ਪਾ, ਘੋੜਿਆਂ ਦੇ ਮੂੰਹ ਮੋੜ ਲਏ। ਉਹ (ਕਾਜ਼ੀ ਨੂਰ ਮੁਹੰਮਦ) ਲਿਖਦਾ ਹੈ ਕਿ 'ਸਾਬਾਸ਼ ਸੱਗਾਂ ਦੀ ਕੌਮ, ਜੋ ਦੁਸ਼ਮਣ ਦੀ ਮਾਂ-ਬੇਟੀ ਨੂੰ ਆਪਣੀ ਮਾਂ-ਬੇਟੀ ਸਵੀਕਾਰਦੀ ਅਤੇ ਉਸਦਾ ਸਨਮਾਨ ਕਰਦੀ ਹੈ।ਇਹੀ (ਕਾਜੀ ਨੂਰ ਮੁਹੰਮਦ) ਹੋਰ ਲਿਖਦਾ ਹੈ ਕਿ ਜੇ ਲੜਾਈ ਲੜਦਿਆਂ ਕਿਸੇ ਦੁਸ਼ਮਣ ਦੀ ਪਗੜੀ ਉਤਰ ਜਾਏ ਤਾਂ ਇਹ ਝਟ ਆਪਣਾ ਹੱਥ ਰੋਕ ਉਸਨੂੰ ਆਪਣੀ ਪੱਗ ਸੰਭਾਲਣ ਦੀ ਤਾਕੀਦ ਕਰਦਿਆਂ ਆਖਦੇ ਹਨ ਕਿ 'ਆਪਣੀ ਪੱਗ ਸੰਭਾਲ, ਮੈਂ ਤੇਰੀ ਇਜ਼ਤ ਉਛਾਲਣ ਨਹੀਂ ਆਇਆ।" ਕੇਸਰ ਸਿੰਘ ਛਿੱਬਰ ਸਿੱਖਾਂ ਦੇ ਆਚਰਣ ਦੀ ਤਸਵੀਰ ਖਿਚਦਿਆਂ ਲਿਖਦਾ ਹੈ:'ਸਿੱਖ ਆਹੇ ਕਿਰਤੀ ਧਰਮ ਦੀਆਂ ਮੂਰਤਾਂ। ਅੰਦਰ ਗਊ ਦਾ, ਬਾਹਰ ਸ਼ੇਰ ਦੀਆਂ ਸੂਰਤਾਂ।'ਉਸ ਸਮੇਂ ਦੇ ਸਿੱਖਾਂ ਦੇ ਆਚਰਣ ਦੇ ਸਬੰਧ ਵਿੱਚ ਪੰਥ ਪ੍ਰਕਾਸ਼ ਦੇ ਕਰਤਾ ਨੇ ਇਕ ਥਾਂ ਇਉਂ ਲਿਖਿਆ ਹੈ :ਆਪ ਸਹੈਂ ਵੈ ਨੰਗ ਭੁੱਖ। ਦੇਖ ਸਕੈਂ ਨਹਿ ਸਿੰਘਨ ਦੁੱਖ।ਇਸ ਪਿੱਛੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਹ ਆਦਰਸ਼ ਵੀ ਕੰਮ ਕਰ ਰਿਹਾ ਸੀ, ਜੋ ਉਨ੍ਹਾਂ ਨੇ 'ਹਮ ਲੈ ਜਾਨਹੁ ਪੰਥ ਉਚੇਰੇ', ਦੇ ਨਿਸ਼ਾਨੇ ਨੂੰ ਮਿਥ ਕੇ ਕਾਇਮ ਕੀਤਾ ਸੀ। ਇਤਿਹਾਸ ਵਿੱਚ ਆਉਂਦਾ ਹੈ ਕਿ ਇਕ ਜੰਗ ਦੇ ਦੌਰਾਨ ਸਿੱਖ ਮਾਲ ਅਸਬਾਬ ਦੇ ਨਾਲ ਦੁਸ਼ਮਣ ਦੀ ਇਕ ਲੜਕੀ ਵੀ ਪਕੜ ਲਿਆਏ। ਗੁਰੂ ਸਾਹਿਬ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਤੁਰੰਤ ਹੀ ਉਨ੍ਹਾਂ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਉਹ ਲੁਟੇ ਮਾਲ ਦੇ ਨਾਲ ਇਸ ਲੜਕੀ ਨੂੰ ਵੀ ਸਤਿਕਾਰ ਸਹਿਤ ਉਸਦੇ ਘਰ ਤੱਕ ਪਹੁੰਚਾ ਦੇਣ। ਇਹ ਆਦੇਸ਼ ਸੁਣ ਕੁੱਝ ਸਿੱਖਾਂ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਵੀ ਬਦਲਾ ਲੈਣ ਦੀ ਆਗਿਆ ਹੋਣੀ ਚਾਹੀਦੀ ਹੈ? ਇਹ ਸੁਣ ਗੁਰੂ ਸਾਹਿਬ ਨੇ ਕਿਹਾ ਕਿ 'ਹਮ ਲੈ ਜਾਨਹੁ ਪੰਥ ਉਚੇਰੇ। ਨਾਹਿ ਅਧੋਗਤੀ ਬਿਖ ਪਹੁਚਾਵੇ ਤਾਂ ਤੇ ਰਲ ਮਲ ਕਰਨ ਹਟਾਵੈ। ਸਿੱਖਾਂ ਨੂੰ ਅਜਿਹੇ ਕੁਕਰਮਾਂ ਤੋਂ ਬਚਣਾ ਚਾਹੀਦਾ ਹੈ ਜੋ ਅਧੋਗਤੀ ਵੱਲ ਲੈ ਜਾਂਦੇ ਸਨ।

ਗੁਰੂ ਸਾਹਿਬ ਵੱਲੋਂ ਨਿਸ਼ਚਿਤ ਇਸ ਆਦਰਸ਼ ਪੁਰ ਪਹਿਰਾ ਦਿੰਦਿਆਂ ਸਿੱਖਾਂ ਨੇ ਆਪਣੇ ਉੱਚ ਆਚਰਣ ਨੂੰ ਜਿਸ ਤਰ੍ਹਾਂ ਕਾਇਮ ਰੱਖਿਆ, ਉਸ ਦੇ ਫਲਸਰੂਪ ਅਨੇਕਾਂ ਨਵੇਂ ਸਿੱਖ ਬਣੇ ਅਤੇ ਸਿੱਖਾਂ ਪ੍ਰਤੀ ਅਜਿਹੀ ਵਿਸ਼ਵਾਸ ਦੀ ਭਾਵਨਾ ਪੈਦਾ ਹੋਈ ਕਿ ਅੰਗ੍ਰੇਜ਼ੀ ਰਾਜ ਦੇ ਅਰੰਭਕ ਸਮੇਂ ਦੌਰਾਨ ਜੱਜ ਇਕ ਸਿੱਖ ਦੀ ਗੁਆਹੀ ਤੇ ਹੀ ਅੰਤਿਮ ਫੈਸਲੇ ਦੇ ਦਿਆ ਕਰਦੇ ਸਨ, ਕਿਉਂਕਿ ਉਨ੍ਹਾਂ ਨੂੰ ਵਿਸ਼ਵਾਸ ਹੁੰਦਾ ਸੀ ਕਿ ਸਿੱਖ ਝੂਠ ਨਹੀਂ ਬੋਲ ਸਕਦਾ।ਸਿੱਖੀ ਦਾ ਪ੍ਰਚਾਰ :ਇਸ ਸੰਘਰਸ਼ ਦੇ ਪੂਰਣ ਸਮੇਂ ਦੌਰਾਨ ਜਿੱਥੇ ਸਿੱਖ ਆਪਣੀ ਹੋਂਦ ਕਾਇਮ ਰੱਖਣ ਅਤੇ ਗਰੀਬ-ਮਜ਼ਲੂਮ ਦੀਰੱਖਿਆ ਦੇ ਉਦੇਸ਼ ਨੂੰ ਮੁੱਖ ਰੱਖਦਿਆਂ ਜਬਰ 'ਤੇ ਜ਼ੁਲਮ ਨੂੰ ਠਲ੍ਹ ਪਾਣ ਲਈ ਜੂਝ ਰਹੇ ਸਨ। ਉਸ ਸਮੇਂ ਨਿਰਮਲਿਆਂ ਅਤੇ ਸੇਵਾ-ਪੰਥੀਆਂ ਵੱਲੋਂ ਸਿੱਖੀ ਦੇ ਪ੍ਰਚਾਰ ਦੀ ਘਾਟ ਨੂੰ ਪੂਰਿਆਂ ਕਰਨਾ। ਜਾਰੀ ਰੱਖਿਆ ਗਿਆ। ਭਾਵੇਂ ਇਨ੍ਹਾਂ ਦਾ ਪ੍ਰਚਾਰ ਦਬਿਆ-ਘੁੱਟਿਆ ਸੀ, ਫਿਰ ਵੀ ਇਸਨੇ ਸਿੱਖੀ ਦੀ ਜੋਤ ਨੂੰ ਜਗਦਿਆਂ ਰੱਖਿਆ ਹੋਇਆ ਸੀ।ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਨਿਰਮਲੇ ਸਾਧੂਆਂ ਦੇ ਪ੍ਰਚਾਰ ਨੇ ਉਸ ਘਾਟ ਨੂੰ ਪੂਰਿਆਂ ਕਰਦਿਆਂ ਸਿੱਖੀ ਦੀ ਜੋਤ ਨੂੰ ਜਗਦਿਆਂ ਰੱਖਣ ਵਿੱਚ ਵੱਡਾ ਹਿੱਸਾ ਪਾਇਆ। ਜਦ ਦਰਬਾਰ ਸਾਹਿਬ ਵਿੱਚ ਦੀਵਾ ਤੱਕ ਜਗਾਣ ਦੀ ਮਨਾਹੀ ਸੀ ਤਾਂ ਸੇਵਾ ਪੰਥੀ ਭਾਈ ਪਰਮਾ ਨੰਦ ਪੁਠੀ ਤਾਰੀ ਤਰ ਹਰ ਰੋਜ਼ ਦੀਵਾ ਜਗਾ ਜਾਂਦੇ ਸਨ। ਇਸ ਸਾਰੇ ਤੋਂ ਪ੍ਰੇਰਣਾਂ ਲੈ ਕੇ ਅੱਜ ਸਾਨੂੰ ਸਿੱਖਾਂ ਨੂੰ ਆਪਣਾ ਜੀਵਨ ਉੱਚਾ ਸੁੱਚਾ ਬਣਾਉਣਾ ਚਾਹੀਦਾ ਹੈ ਤਾਂ ਕਿ ਅਸੀਂ ਵੀ ਆਪਣੀ ਕੌਮ ਦੀ ਸ਼ਾਨਦਾਰ ਵਿਰਾਸਤ ਵਿੱਚ ਵਾਧਾ ਕਰ ਸਕੀਏ।

**ਜਸਵੰਤ ਸਿੰਘ ਅਜੀਤ**






# ਪ੍ਰੇਰਨਾਮਈ ਯਾਤਰਾ: "ਮੇਰੀ ਦਰਬਾਰ ਸਾਹਿਬ ਅਤੇ ਪਿੰਗਲਵਾੜਾ ਅੰਮ੍ਰਿਤਸਰ ਦੀ ਯਾਤਰਾ"

......ਅਸੀਂ ਹਰ ਰੋਜ਼ ਸਵੇਰੇ ਸ਼ਾਮ ਟੀਵੀ (TV) 'ਤੇ ਦਰਬਾਰ ਸਾਹਿਬ ਤੋਂ ਸਿੱਧਾ ਪ੍ਰਸਾਰਨ ਦੇਖਦੇ ਰਹਿੰਦੇ ਹਾਂ। ਇਕ ਦਿਨ ਅਸੀਂ ਪ੍ਰੋਗਰਾਮ ਬਣਾਇਆ ਕਿ ਦਰਬਾਰ ਸਾਹਿਬ ਜਾ ਕੇ ਨਤਮਸਤਕ ਹੋ ਕੇ ਆਉਂਦੇ ਹਾਂ।ਮੈਂ ਤੇ ਮੇਰੀ ਧਰਮ ਪਤਨੀ ਹਰਭਜਨ ਮੱਲ ਅਸੀਂ 4.6.2025 ਸਵੇਰ ਨੂੰ ਨਵੀਂ ਦਿੱਲੀ ਸਟੇਸ਼ਨ ਤੋਂ ਸ਼ਤਾਬਦੀ ਵਿੱਚ ਬੈਠੇ ਅਤੇ ਡੇਢ ਵਜੇ ਦੁਪਹਿਰੇ ਅੰਮ੍ਰਿਤਸਰ ਪਹੁੰਚ ਗਏ। ਸਟੇਸ਼ਨ ਤੋਂ ਸਿੱਧਾ ਅਸੀਂ ਦਰਬਾਰ ਸਾਹਿਬ ਗਏ। ਇਕ ਹੋਟਲ ਵਿੱਚ ਕਮਰਾ ਬੁੱਕ ਕਰਵਾ ਕੇ ਸਮਾਨ ਰੱਖਿਆ ਅਤੇ ਫਿਰ ਦਰਬਾਰ ਸਾਹਿਬ ਪਹੁੰਚ ਗਏ। ਪ੍ਰਸ਼ਾਦ ਦੀ ਦੇਗ ਕਰਵਾਈ ਅਤੇ ਮੱਥਾ ਟੇਕਣ ਦੀ ਲਾਈਨ ਵਿੱਚ ਲੱਗ ਗਏ। ਤਕਰੀਬਨ 45 ਮਿੰਟ ਦੇ ਸਮੇਂ ਵਿੱਚ ਅਸੀਂ ਹਰਿਮੰਦਰ ਸਾਹਿਬ ਵਿੱਚ ਪਹੁੰਚ ਗਏ। ਮੱਥਾ ਟੇਕਿਆ, ਕੁਝ ਦੇਰ ਲਈ ਬਾਹਰ ਪਰਿਕਰਮਾ ਵਿੱਚ ਬੈਠ ਗਏ ਅਤੇ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਹਾਜ਼ਰੀ ਭਰੀ। ਫਿਰ ਮਨ ਵਿੱਚ ਆਇਆ ਕਿ ਗੁਰੂ ਗ੍ਰੰਥ ਸਾਹਿਬ ਵੱਲ ਜਿੱਥੇ ਭਾਈ ਗਿਆਨੀ ਜੀ ਬੈਠ ਕੇ ਹੁਕਮਨਾਮਾ ਦੇਂਦੇ ਹਨ ਉੱਧਰੋਂ ਦੀ ਵੀ ਜਾ ਕੇ ਮੱਥਾ ਟੇਕਿਆ ਜਾਵੇ। ਇੰਜ ਜਾਣ ਤਾਂ ਨਹੀਂ ਦੇਂਦੇ ਪਰ ਸਾਨੂੰ ਦੋਨਾਂ ਨੂੰ ਅੰਦਰ ਜਾਣ ਦਿੱਤਾ। ਅਸੀਂ ਮੱਥਾ ਟੇਕਿਆ ਅਤੇ ਪਰਿਵਾਰ ਦੀ ਸੁੱਖ-ਸ਼ਾਂਤੀ ਲਈ ਅਰਦਾਸ ਵੀ ਕਰਵਾਈ। ਸਾਨੂੰ ਵੱਡੇ ਪਤਾਸੇ ਦਾ ਪ੍ਰਸ਼ਾਦ ਵੀ ਮਿਲ ਗਿਆ, ਮੈਨੂੰ ਵੀ ਅਤੇ ਹਰਭਜਨ ਮੱਲ ਨੂੰ ਵੀ ਅਸੀਂ ਬਾਹਰ ਆਏ ਫਿਰ ਪਰਿਕਰਮਾ ਵਿੱਚ ਬੈਠ ਗਏ। ਉਪਰੰਤ ਅਸੀਂ ਦਰਬਾਰ ਸਾਹਿਬ ਦੀ ਪਹਿਲੀ ਅਤੇ ਦੂਜੀ ਮੰਜ਼ਿਲ 'ਤੇ ਵੀ ਜਾ ਕੇ ਮੱਥਾ ਟੇਕਿਆ ਅਤੇ ਛੱਤ ਦੇ ਉੱਪਰ ਦਾ ਸਾਰਾ ਨਜ਼ਾਰਾ ਦੇਖਿਆ। ਥੱਲੇ ਆ ਕੇ ਅੰਮ੍ਰਿਤ ਪੀਤਾ ਅਤੇ ਬਾਹਰ ਆ ਗਏ।5.6.2025 ਸਵੇਰ ਨੂੰ ਜਲਦੀ ਉੱਠ ਗਏ ਅਤੇ ਇਸ਼ਨਾਨ ਪਾਣੀ ਕਰ ਕੇ ਪਾਠ ਕੀਤਾ ਅਤੇ ਫਿਰ ਨਾਸ਼ਤਾ ਕੀਤਾ।

ਹੁਣ ਸਵੇਰ ਦੇ 9.00 ਵੱਜ ਚੁੱਕੇ ਸਨ। ਅਸੀਂ ਬੈਟਰੀ ਰਿਕਸ਼ਾ ਕੀਤਾ ਅਤੇ ਪਿੰਗਲਵਾੜਾ ਪਹੁੰਚ ਗਏ। ਪਹਿਲਾਂ ਮੈਂ ਡਾ. ਬੀਬੀ ਇੰਦਰਜੀਤ ਕੌਰ ਨੂੰ ਫ਼ੋਨ ਕੀਤਾ ਕਿ ਅਸੀਂ ਇਸ ਤਰ੍ਹਾਂ ਅੰਮ੍ਰਿਤਸਰ ਆਏ ਹੋਏ ਹਾਂ ਅਤੇ ਤੁਹਾਨੂੰ ਮਿਲਣਾ ਚਾਹੁੰਦੇ ਹਾਂ। ਉਸ ਦਿਨ ਪਿੰਗਲਵਾੜੇ ਦੀ ਮਾਨਾਂਵਾਲਾ ਬਰਾਂਚ ਵਿੱਚ ਇਕ ਫੰਕਸ਼ਨ ਸੀ ਅਤੇ ਬੀਬੀ ਜੀ ਨੇ ਉੱਥੇ ਜਾਣਾ ਸੀ ਜੋ ਅੰਮ੍ਰਿਤਸਰ ਤੋਂ 8 ਮੀਲ ਦੇ ਫ਼ਰਕ ਤੇ ਅੰਮ੍ਰਿਤਸਰ-ਜਲੰਧਰ ਜੀ.ਟੀ. ਰੋਡ ਉੱਪਰ ਹੀ ਸਥਿਤ ਹੈ। ਸਾਡੇ ਕੋਲ ਐਨਾ ਸਮਾਂ ਨਹੀਂ ਸੀ, ਬੀਬੀ ਜੀ ਨੇ ਕਿਹਾ ਕਿ ਤੁਸੀਂ ਪਿੰਗਲਵਾੜਾ ਪਹੁੰਚ ਜਾਵੋ ਉੱਥੇ ਸ੍ਰੀ ਯੋਗੇਸ਼ ਸੂਰੀ ਜੀ ਹਨ, ਉਨ੍ਹਾਂ ਨੂੰ ਮਿਲ ਲੈਣਾ। ਬੀਬੀ ਇੰਦਰਜੀਤ ਕੌਰ ਜੀ ਦਾ ਮੇਰੇ ਕੋਲ ਫੋਨ ਨੰਬਰ ਸੀ, ਕਿਉਂਕਿ ਉਹ ਮੈਨੂੰ ਇਕ ਵਾਰ ਦਿੱਲੀ ਭਾਈ ਵੀਰ ਸਿੰਘ ਸਦਨ ਵਿਖੇ ਮਿਲੇ ਸਨ ਜਦੋਂ ਉਹ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਜੀ ਪਾਸੋਂ ਐਵਾਰਡ ਲੈਣ ਲਈ ਆਏ ਸਨ। ਬੀਬੀ ਜੀ ਭਾਵੇਂ ਉਸ ਮੁਲਾਕਾਤ ਨੂੰ ਭੁੱਲ ਵੀ ਗਏ ਹੋਣਗੇ ਪਰ ਉਨ੍ਹਾਂ ਦੀ ਗੱਲਬਾਤ ਅਤੇ ਮਿੱਠੇ ਸੁਭਾਅ ਨੇ ਮੇਰਾ ਦਿੱਲ ਜਿੱਤ ਲਿਆ।ਅਸੀਂ ਪਿੰਗਲਵਾੜਾ ਪਹੁੰਚ ਗਏ। ਜਿਉਂ ਹੀ ਅਸੀਂ ਗੇਟ ਦੇ ਅੰਦਰ ਵੜੇ ਤਾਂ ਸ੍ਰ. ਇੰਦਰਜੀਤ ਸਿੰਘ ਰਾਜਨ ਜੀ ਸਾਡੇ ਕੋਲ ਆਏ। ਉਹਨਾਂ ਨੇ ਸਾਨੂੰ ਪੁੱਛਿਆ ਕਿ ਕਿੱਥੋਂ ਆਏ ਹੋ ਅਤੇ ਕਿਵੇਂ ਆਏ ਹੋ? ਮੈਂ ਉਨ੍ਹਾਂ ਨੂੰ ਸਾਰੀ ਗੱਲਬਾਤ ਦੱਸ ਦਿੱਤੀ। ਉਨ੍ਹਾਂ ਨੇ ਕਿਹਾ ਕਿ ਯੋਗੇਸ਼ ਸੂਰੀ ਜੀ ਹਾਲੇ ਆਏ ਨਹੀਂ ਹਨ। ਤਕਰੀਬਨ 10.00 ਵਜੇ ਤੋਂ ਬਾਅਦ ਹੀ ਉਹ ਆਉਂਦੇ ਹਨ। ਮੈਂ ਕਿਹਾ ਕੋਈ ਗੱਲ ਨਹੀਂ ਅਸੀਂ ਇੰਤਜ਼ਾਰ ਕਰ ਲੈਂਦੇ ਹਾਂ। ਉਹਨਾਂ ਨੇ ਸਾਨੂੰ ਦਫ਼ਤਰ ਅੰਦਰ ਬਿਠਾ ਦਿੱਤਾ ਅਤੇ ਸਾਨੂੰ ਚਾਹ ਪਾਣੀ ਲਈ ਪੁੱਛਿਆ। ਪਹਿਲਾਂ ਸਾਨੂੰ ਪਾਣੀ ਪਿਆਇਆ ਅਤੇ ਫਿਰ ਚਾਹ ਪਿਆਈ। ਇਸ ਦੇ ਉਪਰੰਤ ਸਾਨੂੰ ਸਾਰਾ ਪਿੰਗਲਵਾੜਾ ਘੁਮਾ ਕੇ ਦਿਖਾਇਆ। ਮਰੀਜ਼ਾਂ ਨਾਲ ਮੁਲਾਕਾਤ ਕਰਵਾਈ। ਮੇਰਾ ਇਹ ਸਭ ਦੇਖ ਕੇ ਦਿਲ ਬਹੁਤ ਖ਼ੁਸ਼ ਹੋ ਗਿਆ ਕਿ ਮਰੀਜ਼ਾਂ ਦੀ ਕਿੰਨੀ ਅੱਛੀ ਤਰ੍ਹਾਂ ਦੇਖਭਾਲ ਕੀਤੀ ਜਾਂਦੀ ਹੈ। ਜਿਸ ਦਾ ਕੋਈ ਨਹੀਂ ਹੈ ਉਸ ਦਾ ਸਹਾਰਾ ਇਹ ਪਿੰਗਲਵਾੜਾ ਹੈ। ਮੈਂ ਦੇਖਿਆ ਕਿ ਜਿਹੜੀਆਂ ਵੀ ਬੀਬੀਆਂ ਉੱਥੇ ਸਨ ਉਨ੍ਹਾਂ ਦੀ ਤਾਂ ਪਿੰਗਲਵਾੜੇ ਨੇ ਜ਼ਿੰਦਗੀ ਹੀ ਬਦਲ ਕੇ ਰੱਖ ਦਿੱਤੀ ਹੈ। ਐਨੀ ਦੇਖ ਭਾਲ ਤਾਂ ਸ਼ਾਇਦ ਉਨ੍ਹਾਂ ਦੇ ਬੱਚੇ ਵੀ ਨਹੀਂ ਕਰ ਸਕਦੇ ਸੀ ਜਿੰਨੀ ਪਿੰਗਲਵਾੜੇ ਵਿੱਚ ਕੀਤੀ ਜਾ ਰਹੀ ਹੈ। ਵਾਕਿਆ ਹੀ ਇਹ ਕਾਬਲੇ ਤਾਰੀਫ਼ ਹੈ।ਇਹ ਬੀਬੀਆਂ ਦੀ ਵਾਰਡ ਸੀ। ਚਾਹ ਪਾਣੀ ਰੋਟੀ ਨਿਯਮਾਂ ਅਨੁਸਾਰ ਟਾਈਮ ਨਾਲ ਦਿੱਤੀ ਜਾਂਦੀ ਹੈ। ਇੱਥੇ ਕਿਸੇ ਬੀਬੀ ਨਾਲ ਨਫ਼ਰਤ ਨਹੀਂ ਕੀਤੀ ਜਾਂਦੀ। ਕੋਈ ਜਾਤ ਬਰਾਦਰੀ ਦਾ ਭਿੰਨ ਭੇਤ ਨਹੀਂ ਹੈ। ਬਸ ਮਨੁੱਖਤਾ ਦੀ ਸੇਵਾ ਰੱਬ ਦੇ ਬੰਦਿਆਂ ਦੀ ਸੇਵਾ ਸਮਝ ਕੇ ਕੀਤੀ ਜਾਂਦੀ ਹੈ। ਮੇਰਾ ਦੇਖ ਕੇ ਦਿਲ ਖੁਸ਼ ਵੀ ਬਹੁਤ ਹੋਇਆ ਅਤੇ ਮੈਂ ਹੈਰਾਨ ਵੀ ਹੋ ਰਿਹਾ ਸੀ ਕਿ ਐਨਾ ਪ੍ਰਬੰਧ ਸੁਚੱਜੇ ਢੰਗ ਨਾਲ ਕਿਵੇਂ ਮੈਨੇਜ ਕੀਤਾ ਜਾ ਰਿਹਾ ਹੈ। ਕੀ ਇੱਥੇ ਕੋਈ ਦੈਵੀ ਸ਼ਕਤੀ ਹੈ? ਫਿਰ ਧਿਆਨ ਜਾਂਦਾ ਭਗਤ ਪੂਰਨ ਸਿੰਘ ਜੀ ਵੱਲ, ਮੈਂ ਭਗਤ ਜੀ ਨੂੰ ਦੇਖਿਆ ਤਾਂ ਨਹੀਂ, ਪਰ ਉਨ੍ਹਾਂ ਦੀ ਸੇਵਾ ਅਤੇ ਸਿਮਰਨ ਬਾਰੇ ਜ਼ਰੂਰ ਪੜ੍ਹਿਆ ਹੈ ਕਿ ਕਿਵੇਂ ਉਨ੍ਹਾਂ ਨੇ ਮਨੁੱਖਾਂ ਦੀ, ਗ਼ਰੀਬ ਗੁਰਬੇ ਦੀ ਸੇਵਾ ਕੀਤੀ ਅਤੇ ਗੁਰਬਾਣੀ ਦਾ ਸਿਮਰਨ ਕੀਤਾ। ਸ਼ਾਇਦ ਉਹ ਹੀ ਦੈਵੀ ਸ਼ਕਤੀ ਇੱਥੇ ਕੰਮ ਕਰਦੀ ਹੋਵੇਗੀ। ਕਿਉਂਕਿ ਇਹੋ ਜਿਹੇ ਮਹਾਂਪੁਰਸ਼ਾਂ ਦੀ ਕੀਤੀ ਹੋਈ ਅਰਦਾਸ ਬਿਰਥੀ ਨਹੀਂ ਜਾਂਦੀ। ਉਨ੍ਹਾਂ ਦੇ ਇਕ-ਇਕ ਬੋਲ ਵਿੱਚ ਸ਼ਕਤੀ ਆ ਜਾਂਦੀ ਹੈ ਅਤੇ ਪ੍ਰਮਾਤਮਾ ਦਾ ਵਾਸਾ ਹੋ ਜਾਂਦਾ ਹੈ।ਦੇਖਣ ਨੂੰ ਤਾਂ ਭਗਤ ਜੀ ਬਹੁਤ ਹੀ ਸਿੱਧੇ ਸਾਦੇ ਸੁਭਾਅ ਅਤੇ ਲਿਬਾਸ ਵਿੱਚ ਰਹਿੰਦੇ, ਪਰ ਉਨ੍ਹਾਂ ਦੀ ਸੋਚ ਅਤੇ ਕਥਨੀ ਬਹੁਤ ਉੱਚੀ ਅਤੇ ਸੁੱਚੀ ਸੀ।

ਭਗਤ ਜੀ ਨੇ ਇਕ ਰਿਕਸ਼ੇ ਦੇ ਉੱਪਰ ਯਾ ਪੈਦਲ ਤੁਰ ਕੇ ਸਫ਼ਰ ਤੈਅ ਕਰ ਕੇ ਗ਼ਰੀਬ-ਗੁਰਬੇ ਦੀ ਸੇਵਾ ਕੀਤੀ। ਪਤਾ ਨਹੀਂ ਕਿੱਥੇ-ਕਿੱਥੇ ਭਰਮਣ ਕੀਤਾ ਹੋਵੇਗਾ। ਉਨ੍ਹਾਂ ਨੇ ਆਪਣਾ ਨਿੱਜੀ ਸਵਾਰਥ ਕਦੀ ਵੀ ਨਹੀਂ ਦੇਖਿਆ ਸੀ। ਬਸ ਇਕ ਹੀ ਮਨਸ਼ਾ ਤੇ ਟੀਚਾ ਸੀ ਗ਼ਰੀਬ-ਗੁਰਬੇ ਦੀ ਸੇਵਾ ਅਤੇ ਨਾਲ ਨਾਲ ਪ੍ਰਮਾਤਮਾ ਦਾ ਸਿਮਰਨ। ਭਗਤ ਜੀ ਨੇ ਕਦੇ ਵੀ ਆਪਣੇ ਪੈਰਾਂ ਤੇ ਮੱਥਾ ਨਹੀਂ ਟਿਕਾਇਆ ਸੀ, ਨਾ ਹੀ ਭਗਤ ਜੀ ਨੇ ਆਪਣੇ ਆਪ ਨੂੰ ਸੰਤ ਜਾਂ ਬਾਬਾ ਕਹਿਣ ਦਿੱਤਾ। ਭਗਤ ਜੀ ਚਾਹੁੰਦੇ ਤਾਂ ਉਹ ਇੱਕ ਸੰਤ ਬਣ ਕੇ ਵੀ ਬੈਠ ਸਕਦੇ ਸੀ ਕਿਉਂਕਿ ਉਨ੍ਹਾਂ ਕੋਲ ਰੂਹਾਨੀਅਤ ਦੀ ਭਰਮਾਰ ਸੀ। ਪਰ ਉਨ੍ਹਾਂ ਨੇ ਆਪਣਾ ਜੀਵਨ ਹਮੇਸ਼ਾਂ ਸਾਦਾ ਹੀ ਰੱਖਿਆ। ਮੇਰਾ ਮੰਨਣਾ ਹੈ ਕਿ ਜੇ ਤੁਸੀਂ ਮਾਨਵਤਾ ਦੀ ਸੇਵਾ ਕਰਨਾ ਚਾਹੁੰਦੇ ਹੋ ਅਤੇ ਤੁਹਾਡੇ ਕੋਲ ਰੂਹਾਨੀਅਤ ਦੀ ਅਧਿਆਤਮਿਕ ਤਾਕਤ ਹੈ ਤਾਂ ਪ੍ਰਮਾਤਮਾ ਹਮੇਸ਼ਾਂ ਤੁਹਾਡੇ ਅੰਗ ਸੰਗ ਰਹਿੰਦਾ ਹੈ। ਤੁਸੀਂ ਜੋ ਵੀ ਕੰਮ ਕਰੋਗੇ ਪ੍ਰਮਾਤਮਾ ਆਪਣੇ ਆਪ ਤੁਹਾਡੇ ਨਾਲ ਖੜ੍ਹਾ ਹੋ ਕੇ ਕਾਰਜ ਸੰਪੂਰਨ ਕਰੇਗਾ। ਇਸ ਵਿੱਚ ਕੋਈ ਸ਼ੱਕ ਨਹੀ, ਹੇਠਾਂ ਲਿਖਿਆ ਗੁਰਬਾਣੀ ਦਾ ਸ਼ਬਦ ਇਸ ਗੱਲ ਦਾ ਗਵਾਹ ਹੈ।

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ।।

**ਸ੍ਰੀ ਫ਼ਕੀਰ ਚੰਦ ਮਾਲਈ.ਏ. ਡਾਇਰੈਕਟਰ (ਰਿਟਾ.)**
**ਮਿਨਸਟਰੀ ਆਫ਼ ਹੋਮ ਅਫੇਅਰ, ਨਵੀਂ ਦਿੱਲੀ।**
**(ਪਿੰਗਲਵਾੜਾ ਵਿਸ਼ੇਸ਼ ਅੰਕ ਵਿਚੋਂ)**

# ਜੀਵਨ ਮਨੋਰਥ

......ਮਨੁੱਖ ਇਕ ਚੇਤੰਨ ਪ੍ਰਾਣੀ ਹੋਣ ਕਰਕੇ ਆਰੰਭ ਤੋਂ ਹੀ ਆਪਣੇ ਜੀਵਨ ਆਦਰਸ਼ ਦੀ ਭਾਲ ਕਰਦਾ ਆਇਆ ਹੈ। ਇਸੇ ਭਾਲ ਵਿਚੋਂ ਧਰਮ ਦਾ ਜਨਮ ਹੋਇਆ ਹੈ। ਕਿਸੇ ਧਰਮ ਨੇ ਜਿਹੋ ਜਿਹਾ ਰੱਬ, ਆਤਮਾ ਅਤੇ ਮਨ ਪ੍ਰਤੀ ਸੰਕਲਪ ਸਾਹਮਣੇ ਲਿਆਂਦਾ, ਉਸੇ ਤਰ੍ਹਾਂ ਦਾ ਬਣਨਾ ਮਨੁੱਖ ਦਾ ਜੀਵਨ ਮਨੋਰਥ ਬਣ ਗਿਆ।ਗੁਰਮਤਿ ਅਨੁਸਾਰ ਪ੍ਰਭੂ (ਰੱਬ) ਦਾ ਸੰਕਲਪ, ਮੂਲ ਮੰਤਰ (੧ਓ ਤੋਂ ਗੁਰ ਪ੍ਰਸਾਦਿ ਤੱਕ) ਵਿਚ ਵਿਦਮਾਨ ਹੈ। ਇਸ ਮੂਲ ਮੰਤਰ ਵਿਚ ਪ੍ਰਭੂ ਦੇ ਵਿਸ਼ੇਸ਼ ਗੁਣ ਜਿਵੇਂ ਏਕਤਾ, ਸੱਚਾਈ, ਸਿਰਜਨਾਤਮਿਕਤਾ, ਨਿਰਭੈਤਾ, ਨਿਰਵੈਰਤਾ, ਸਦੀਵਤਾ, ਅਟੱਲਤਾ, ਸਵੈ-ਪ੍ਰਕਾਸ਼ ਆਦਿ ਦੱਸੇ ਗਏ ਹਨ। ਇਨ੍ਹਾਂ ਦੈਵੀ ਗੁਣਾਂ ਨੂੰ ਗ੍ਰਹਿਣ ਕਰਨਾ ਸਿੱਖ ਦਾ ਜੀਵਨ ਮਨੋਰਥ ਹੈ। ਇਸ ਤਰ੍ਹਾਂ ਸਿੱਖ ਆਪਣੀਆਂ ਮਾਨਵੀ ਖੂਬੀਆਂ ਨੂੰ ਦੈਵੀ ਖੂਬੀਆਂ ਵਿਚ ਬਦਲਦਾ ਹੈ ਅਤੇ ਆਪਣੇ ਸਰੀਰ ਨੂੰ ਹਰੀ ਦਾ ਟਿਕਾਣਾ ਬਣਾਉਂਦਾ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਸਪੱਸ਼ਟ ਕਰਦੇ ਹਨ ਕਿ ਮਨੁੱਖਾ ਜੀਵਨ ਪਰਮਾਤਮਾ ਨੂੰ ਮਿਲਣ ਲਈ ਹੀ ਪ੍ਰਾਪਤ ਹੋਇਆ ਹੈ।

ਭਈ ਪਰਾਪਤ ਮਾਨੁਖ ਦੇਹੁਰੀਆ।।ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।(ਅੰਗ : ੩੭੮)

ਪਰਮ ਆਪੇ ਦੀ ਤਲਾਸ਼, ਆਪਣੀ ਹਕੀਕਤ ਦਾ ਗਿਆਨ ਹੈ ਜਿਸ ਨਾਲ ਆਪਣੇ ਆਤਮਕ ਸਵੈ-ਰੂਪ ਦਾ ਪਤਾ ਲੱਗਦਾ ਹੈ। ਜਿਵੇਂ :

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ।।ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ।। (ਅੰਗ ੪੨੧)


ਮਨੁੱਖ ਦੀ ਲਿਵ ਪਰਮਾਤਮਾ ਤੋਂ ਟੁੱਟਣ ਕਰਕੇ, ਉਹ ਹੌਲੀ-ਹੌਲੀ ਮਾਇਆ ਰੂਪ ਜਗਤ ਦਾ ਗੁਲਾਮ ਬਣ ਕੇ ਰਹਿ ਜਾਂਦਾ ਹੈ। ਪਰ ਜੇਕਰ ਗੁਰੂ ਦੇ ਉਪਦੇਸ਼ ਰਾਹੀਂ ਮਨੁੱਖ ਜਗਤ ਵਿਚ ਰਹਿੰਦਾ ਹੋਇਆ, ਕਮਲ ਫੁੱਲ ਵਾਂਗ ਨਿਰਲੇਪ ਹੋ ਕੇ ਆਪਣੀ ਲਿਵ ਪਰਮਾਤਮਾ ਨਾਲ ਜੋੜੇ, ਫਿਰ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ।

ਕਹੈ ਨਾਨਕ ਗੁਰ ਪਰਸਾਦੀ ਜਿਨਾ ਲਿਵ ਲਾਗੀਤਿਨੀ ਵਿਚੇ ਮਾਇਆ ਪਾਇਆ।। (ਰਾਮਕਲੀ ਮਹਲਾ ੩)

ਸੰਸਾਰ, ਪ੍ਰਭੂ ਤੋਂ ਉਪਜਿਆ ਹੈ, ਉਸ ਦੀ ਏਕਤਾ ਵਿਚੋਂ ਅਨੇਕਤਾ ਪੈਦਾ ਹੋਈ ਹੈ। ਅਨੇਕਤਾ ਦੇ ਭ੍ਰਮ ਜਾਲ ਵਿਚ ਨਾ ਫਸਣਾ, ਪ੍ਰਭੂ ਦੀ ਏਕਤਾ ਨੂੰ ਨਾ ਭੁੱਲਣਾ, ਵਿਸ਼ਵ ਨੂੰ ਹਰ ਦਾ ਰੂਪ ਜਾਣ ਕੇ, ਇਸ ਦੀ ਖੁਸ਼ਹਾਲੀ ਤੇ ਵਿਕਾਸ ਲਈ ਆਪਣਾ ਆਪਾ ਸਮਰਪਿਤ ਕਰਨਾ ਸਿੱਖ ਦੇ ਜੀਵਨ ਮਨੋਰਥ ਵਿਚ ਸ਼ਾਮਲ ਹੈ। ਗੁਰਮਤਿ ਨੇ ਮਨੁੱਖ ਲਈ ਸਮਾਜਿਕ, ਆਰਥਿਕ, ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਿਕ ਗੁਲਾਮੀ ਤੋਂ ਬਚਣ ਲਈ ਕਿਰਤ ਕਰ ਕੇ ਵੰਡ ਛਕਣ ਅਤੇ ਨਾਮ ਸਿਮਰਨ ਕਰ ਕੇ ਆਪਣੀ ਆਤਮਾ ਨੂੰ ਨਿਰਭੈ ਅਤੇ ਨਿਰਵੈਰ ਕਰ ਕੇ ਸਭਨਾਂ ਦਾ ਮੀਤ ਬਣਨ ਦੀ ਜਾਚ ਸਿਖਾਈ ਹੈ।ਮਨੁੱਖ ਵਿਚ ਸੰਸਾਰੀ ਬਿਰਤੀਆਂ ਜਿਵੇਂ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਹਨ। ਉਸ ਦਾ ਮਨ ਦੂਜਿਆਂ ਦੀ ਲੁੱਟ-ਖਸੁੱਟ ਕਰਨ, ਚੋਰੀ-ਠੱਗੀ ਕਰਨ, ਝੂਠ ਬੋਲਕੇ ਆਪਣਾ ਕੰਮ ਕਢਵਾਉਣ ਜਾਂ ਫਰੇਬ ਆਦਿਕ ਕਰਕੇ ਬਹੁਤ ਨੀਵਾਂ ਹੋ ਜਾਂਦਾ ਹੈ। ਇਹ ਇਸ ਕਰਕੇ ਵਾਪਰਦਾ ਹੈ ਕਿ ਉਹ ਦੂਜਿਆਂ ਨੂੰ ਆਪਣੇ ਨਹੀਂ ਸਮਝਦਾ। ਧਰਮ ਉਸਨੂੰ ਸਾਰਿਆਂ ਵਿਚ ਇੱਕ ਪਰਮਾਤਮਾ ਦਾ ਗਿਆਨ ਕਰਵਾ ਕੇ ਸਭਨਾਂ ਦੇ ਹੱਕਾਂ ਦੀ ਰਾਖੀ ਕਰਨ, ਸਭਨਾਂ ਦਾ ਭਲਾ ਕਰਨ ਦੀ ਪ੍ਰੇਰਨਾ ਦਿੰਦਾ ਹੈ। ਇਸੇ ਕਰਕੇ ਉਸ ਦੀ ਸ਼ਖਸੀਅਤ ਵਿਚ ਨਿਖਾਰ ਆਉਂਦਾ ਹੈ ਅਤੇ ਦੂਜੇ ਵੀ ਉਸ ਨੂੰ ਪਿਆਰ ਕਰਦੇ ਹਨ। ਨਫ਼ਰਤ ਦੂਰ ਹੁੰਦੀ ਹੈ। ਇਸ ਦਾ ਅਰਥ ਇਹ ਹੋਇਆ ਕਿ ਧਰਮ ਮਨੁੱਖ ਨੂੰ ਬਦੀ ਤੋਂ ਬਚਣ ਲਈ ਚੇਤੰਨ ਕਰਦਾ ਹੈ। ਗਰੀਬਾਂ, ਮਜ਼ਲੂਮਾਂ, ਲੋੜਵੰਦਾਂ ਅਤੇ ਚੰਗੇਵਿਅਕਤੀਆਂ ਦੀ ਰਾਖੀ ਜਾਂ ਸੇਵਾ ਕਰਨਾ ਵੀ ਗੁਰਮਤਿ ਨੇ ਸਿੱਖ ਜੀਵਨ ਜਾਚ ਦਾ ਅੰਗ ਬਣਾਇਆ ਹੈ। ਨਾਮਤੀ ਦਾ ਬਣਾਇਆ ਹੈ। ਉਪਰੋਕਤ ਉਦੇਸ਼ ਦੀ ਪੂਰਤੀ ਲਈ ਸੰਸਾਰ ਵਿਚਲੀਆਂ ਬਦੀ ਦੀਆਂ ਸ਼ਕਤੀਆਂ ਵਿਰੁੱਧ ਸੰਘਰਸ਼ ਰਚਾਉਣਾ ਬੜਾ ਜ਼ਰੂਰੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੇਠ ਲਿਖਿਆ ਸੰਦੇਸ਼ ਸਿੱਖ ਦੇ ਜੀਵਨ ਮਨੋਰਥ ਵਿਚ ਸ਼ਾਮਲਹੈ:

ਧਰਮ ਚਲਾਵਨ ਸੰਤ ਉਬਾਰਨ।।ਦੁਸਟ ਸਭਨ ਕੋ ਮੂਲ ਉਪਾਰਨ।।(ਬਚਿਤ੍ਰ ਨਾਟਕ)

# ਨਾਮ ਸਿਮਰਨ



'ਨਾਮ' ਸੰਸਕ੍ਰਿਤ ਦੇ ਸ਼ਬਦ ਨਾਮਨ ਤੋਂ ਨਿਕਲਿਆ ਹੈ, ਜਿਸ ਦਾ ਅਰਥ ਹੈ ਯਾਦ ਕਰਨ ਦਾ ਅਭਿਆਸ। ਨਾਮ ਸਿਮਰਨ ਦਾ ਭਾਵ ਹੈ- ਪ੍ਰਭੂ ਦੀ ਯਾਦ। ਨਾਮ ਸਿਮਰਨ ਤੋਂ ਬਗੈਰ ਜੀਵਨ ਵਿਅਰਥ ਤੇ ਨਿਰਾਰਥ ਹੈ। ਕੇਵਲ ਨਾਮ ਹੀ ਮਨ ਨੂੰ ਸੱਚੀ ਸ਼ਾਂਤੀ ਬਖ਼ਸ਼ਦਾ ਹੈ। ਸੰਸਾਰਕ ਰੁਚੀਆਂ, ਆਲਸ ਤੇ ਰਿੱਧੀਆਂ ਸਿੱਧੀਆਂ ਨਾਮ ਦੇ ਰਾਹ ਵਿਚ ਰੁਕਾਵਟਾਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਸਿਮਰਨ ਦੀ ਵਾਰ-ਵਾਰ ਪ੍ਰੇਰਨਾ ਕੀਤੀ ਗਈ ਹੈ। ਨਾਮ ਸਿਮਰਨ ਨਾਲ ਹੀ ਮਨੁੱਖ ਪਰਮ-ਆਤਮਾ (ਵਾਹਿਗੁਰੂ) ਵੱਲ ਤੁਰਨ ਲੱਗਦਾ ਹੈ। ਗੁਰਬਾਣੀ ਵਿਚ ਸੱਚੇ ਨਾਮ ਨਾਲ ਜੁੜਨ ਦੀ ਪ੍ਰੇਰਨਾ ਇਸ ਪ੍ਰਕਾਰ ਕੀਤੀ ਗਈ ਹੈ:

(ੳ) ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ।।(ਅੰਗ ੯੧੮)

(ਅ) ਸਾਜਨ ਸੰਤ ਕਰਹੁ ਇਹੁ ਕਾਮੁ।।ਆਨ ਤਿਆਗਿ ਜਪਹੁ ਹਰਿ ਨਾਮੁ।। (ਅੰਗ : ੨੯੦)

(ੲ) ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ।(ਅੰਗ ੪੫੦)

ਮਨੁੱਖੀ ਜੀਵਨ ਦੀ ਸਫ਼ਲਤਾ ਦਾ ਆਧਾਰ ਨਾਮ ਸਿਮਰਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਪਾਂ ਨਾਲ ਭਰੀ ਬੁੱਧੀ ਜਾਂ ਮੱਤ ਦੇ ਮੁੜ ਨਿਰਮਲ ਕਰ ਲੈਣ ਦਾ ਉਪਾਉ ਵੀ ਨਾਮ ਸਿਮਰਨ ਹੀ ਦੱਸਿਆ ਹੈ।

ਭਰੀਐ ਮਤਿ ਪਾਪਾ ਕੈ ਸੰਗਿ।ਓਹੁ ਧੋਪੈ ਨਾਵੈ ਕੈ ਰੰਗਿ।। (ਅੰਗ : ੪)

ਅੰਮ੍ਰਿਤ ਵੇਲੇ ਉਠ ਕੇ ਨਾਮ ਸਿਮਰਨ ਕਰਨ ਅਤੇ ਨਿੱਤਨੇਮ ਕਰਨ ਨਾਲ ਮਨ ਪਰਮਾਤਮਾ ਨਾਲ ਜੁੜਦਾ ਹੈ। ਇਸ ਵਿਚ ਇਕਾਗਰਤਾ ਆਉਂਦੀ ਹੈ। ਪ੍ਰਭੂ ਨੂੰ ਸਦਾ ਮਨ ਵਿਚ ਵਸਾ ਕੇ, ਉਸ ਦੇ ਗੁਣ ਗਾ ਕੇ ਜਾਂ ਉਸ ਦੀਆਂ ਵਡਿਆਈਆਂ ਗਾ ਕੇ, ਪ੍ਰਭੂ ਜੀ ਦਾ ਹਰ ਥਾਂ ਮੌਜੂਦ ਹੋਣ ਦਾ ਅਭਿਆਸ ਕਰਨਾ ਹੀ ਨਾਮ ਸਿਮਰਨ ਹੈ। ਨਾਮ ਸਿਮਰਨ ਦਾ ਸਿੱਟਾ ਇਹ ਨਿਕਲਦਾ ਹੈ ਕਿ ਜੀਵ ਅੰਦਰ ਹਰੇਕ ਲਈ ਪ੍ਰੇਮ, ਸੇਵਾ, ਤਿਆਗ ਅਤੇ ਆਪਾ ਸੰਵਾਰਨ ਦੀ ਭਾਵਨਾ ਵੱਧਦੀ ਜਾਂਦੀ ਹੈ।

# ਅਦਾਲਤ ਵੱਲੋਂ ਇਮਾਨਦਾਰੀ ਸਾਬਤ ਹੋਣ ਤੋਂ ਬਾਅਦ ਅਰਵਿੰਦ ਕੇਜਰੀਵਾਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ



ਅੰਮ੍ਰਿਤਸਰ-ਅਦਾਲਤ ਵੱਲੋਂ ਦਿੱਲੀ ਸ਼ਰਾਬ ਮਾਮਲੇ ਵਿੱਚ ਲੱਗੇ ਸਾਰੇ ਦੋਸ਼ਾਂ ਨੂੰ ਖਾਰਜ ਕਰਨ ਅਤੇ 'ਕੱਟੜ ਇਮਾਨਦਾਰ' ਵਜੋਂ ਆਪਣੀ ਇਮਾਨਦਾਰੀ ਦੀ ਸ਼ਾਖ ਬਰਕਰਾਰ ਰੱਖਣ ਤੋਂ ਬਾਅਦ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਆਪਣੀ ਪਤਨੀ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਅਰਦਾਸ ਕੀਤੀ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਉਨ੍ਹਾਂ ਦੀ ਪਤਨੀ ਸਮੇਤ ਹੋਰ ਪਤਵੰਤਿਆਂ ਨੇ ਵੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ।ਇਸ ਮੌਕੇ 'ਆਪ' ਸੁਪਰੀਮੋ ਨੇ ਕਿਹਾ ਕਿ 'ਆਪ' ਦੀ ਲੀਡਰਸ਼ਿਪ 'ਤੇ ਝੂਠੇ ਦੋਸ਼ ਲਗਾਉਣ ਅਤੇ ਸਿਆਸੀ ਚਿੱਕੜ ਉਛਾਲਣ ਦੀ ਸੋਚੀ ਸਮਝੀ ਮੁਹਿੰਮ ਚਲਾਈ ਗਈ ਸੀ, ਜਿਸ ਤਹਿਤ ਪਾਰਟੀ ਦੇ ਪੰਜ ਪ੍ਰਮੁੱਖ ਆਗੂਆਂ ਨੂੰ ਫਰਜ਼ੀ ਦੋਸ਼ਾਂ ਹੇਠ ਕੈਦ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇੱਕ ਮੌਜੂਦਾ ਮੁੱਖ ਮੰਤਰੀ ਨੂੰ ਵੀ ਅੱਧੀ ਰਾਤ ਨੂੰ ਉਨ੍ਹਾਂ ਦੀ ਰਿਹਾਇਸ਼ ਤੋਂ ਘਸੀਟ ਕੇ ਜੇਲ੍ਹ ਸੁੱਟ ਦਿੱਤਾ ਗਿਆ ਸੀ ਪਰ ਅਦਾਲਤ ਨੇ ਮੁਕੱਦਮਾ ਚਲਾਉਣ ਲਈ ਲੋੜੀਂਦੇ ਸਬੂਤਾਂ ਦੀ ਅਣਹੋਂਦ ਕਾਰਨ ਸਾਰੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਅਤੇ ਉਨ੍ਹਾਂ ਨੂੰ ਪੂਰੀ ਰਾਹਤ ਦਿੱਤੀ।ਮੀਡੀਆ ਨਾਲ ਗੱਲਬਾਤ ਦੌਰਾਨ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ, "ਇਹ ਵਾਹਿਗੁਰੂ ਦੀ ਕਿਰਪਾ ਅਤੇ ਅਸ਼ੀਰਵਾਦ ਤੋਂ ਬਿਨਾਂ ਨਹੀਂ ਹੋ ਸਕਦਾ ਸੀ। ਮੈਂ ਪਹਿਲਾਂ ਵੀ ਕਈ ਵਾਰ ਦਰਬਾਰ ਸਾਹਿਬ ਆਇਆ ਹਾਂ ਅਤੇ ਵਾਹਿਗੁਰੂ ਦਾ ਆਸ਼ੀਰਵਾਦ ਲਿਆ ਹੈ। ਹੁਣ ਜਦੋਂ ਸਾਡਾ ਸਨਮਾਨ ਬਹਾਲ ਹੋ ਗਿਆ ਹੈ ਅਤੇ ਅਸੀਂ ਸਾਰੇ ਦੋਸ਼ਾਂ ਤੋਂ ਮੁਕਤ ਹੋ ਗਏ ਹਾਂ, ਅੱਜ ਮੈਂ, ਮੇਰੀ ਪਤਨੀ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਉਨ੍ਹਾਂ ਦੀ ਪਤਨੀ ਸਾਡੇ ਪਰਿਵਾਰਾਂ ਸਮੇਤ ਵਾਹਿਗੁਰੂ ਅੱਗੇ ਨਤਮਸਤਕ ਹੋਣ ਅਤੇ ਸ਼ੁਕਰਾਨਾ ਕਰਨ ਲਈ ਆਏ ਹਾਂ। ਵਾਹਿਗੁਰੂ ਸਾਡਾ ਮਾਰਗਦਰਸ਼ਨ ਕਰਦੇ ਰਹਿਣ ਅਤੇ ਸਾਡੇ 'ਤੇ ਆਪਣੀਆਂ ਅਸੀਸਾਂ ਵਰ੍ਹਾਉਂਦੇ ਰਹਿਣ। ਵਾਹਿਗੁਰੂ ਨੇ ਸਾਨੂੰ ਲੋਕਾਂ ਦੀ ਸੇਵਾ ਕਰਨ ਦੀ ਬਹੁਤ ਵੱਡੀ ਜ਼ਿੰਮੇਵਾਰੀ ਦਿੱਤੀ ਹੈ ਅਤੇ ਅਸੀਂ ਉਸੇ ਭਾਵਨਾ ਨਾਲ ਲੋਕਾਂ ਦੀ ਸੇਵਾ ਕਰਦੇ ਰਹਾਂਗੇ।"'ਆਪ' ਸੁਪਰੀਮੋ ਨੇ ਕਿਹਾ, "ਪਿਛਲੇ ਚਾਰ ਸਾਲਾਂ ਤੋਂ ਸਾਡੀ ਸਰਕਾਰ ਵੱਲੋਂ ਪੰਜਾਬ ਵਿੱਚ ਅਹਿਮ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਸਰਕਾਰ ਵੱਲੋਂ ਸਕੂਲਾਂ, ਹਸਪਤਾਲਾਂ, ਸਿਹਤ ਸੰਭਾਲ ਲਈ ਕ੍ਰਾਂਤੀਕਾਰੀ ਕਦਮ ਚੁੱਕੇ ਗਏ ਹਨ ਅਤੇ ਹੁਣ ਔਰਤਾਂ ਦੀ ਭਲਾਈ ਲਈ ਕਦਮ ਚੁੱਕੇ ਗਏ ਹਨ। ਜਦੋਂ ਸਾਨੂੰ ਲੋਕਾਂ ਦਾ ਆਸ਼ੀਰਵਾਦ ਮਿਲਦਾ ਹੈ ਤਾਂ ਹੀ ਸਾਡੇ ਵਰਗੇ ਆਮ ਲੋਕ ਸਭ ਕੁਝ ਪ੍ਰਾਪਤ ਕਰਨ ਦੇ ਯੋਗ ਹੁੰਦੇ ਹਨ। ਨਹੀਂ ਤਾਂ, ਅਜਿਹੇ ਤਾਕਤਵਰ ਲੋਕਾਂ ਦੇ ਸਾਹਮਣੇ ਸਾਡੇ ਵਰਗੇ ਆਮ ਲੋਕਾਂ ਦਾ ਕੋਈ ਸਟੈਂਡ ਨਹੀਂ ਹੁੰਦਾ। ਅਸੀਂ ਮਜ਼ਬੂਤੀ ਨਾਲ ਖੜ੍ਹੇ ਹੋਣ ਦੇ ਯੋਗ ਹਾਂ ਕਿਉਂਕਿ ਵਾਹਿਗੁਰੂ ਦੀਆਂ ਅਸੀਸਾਂ ਸਾਡੇ ਨਾਲ ਹਨ ਅਤੇ ਅਸੀਂ ਸੱਚ ਦੇ ਰਾਹ 'ਤੇ ਚੱਲ ਰਹੇ ਹਾਂ।"ਅਰਵਿੰਦ ਕੇਜਰੀਵਾਲ ਨੇ ਕਿਹਾ, "ਪੰਜਾਬ ਵਿੱਚ ਅਜੇ ਵੀ ਬਹੁਤ ਕੁਝ ਕਰਨਾ ਬਾਕੀ ਹੈ। ਜੇਕਰ ਅਸੀਂ ਚਾਰ ਵਾਅਦੇ ਕਰੀਏ ਅਤੇ ਬਦਲੇ ਵਿੱਚ ਸੱਤ ਜਾਂ ਅੱਠ ਕੰਮ ਕਰ ਦਈਏ ਤਾਂ ਇਹ ਮਹਾਨਤਾ ਨੂੰ ਦਰਸਾਉਂਦਾ ਹੈ। ਪਰ ਅੱਠ ਵਾਅਦੇ ਕਰਨ ਅਤੇ ਸਿਰਫ਼ ਚਾਰ ਪੂਰੇ ਕਰਨ ਵਿੱਚ ਕੋਈ ਮਹਾਨਤਾ ਨਹੀਂ ਹੈ। ਸਾਡੇ ਵੱਲੋਂ ਕੀਤੇ ਗਏ ਸਾਰੇ ਵਾਅਦੇ ਪੂਰੇ ਹੋ ਗਏ ਹਨ। ਅਗਲੇ ਸਾਲ ਲਈ ਮਾਨ ਸਾਹਿਬ ਅਤੇ ਉਨ੍ਹਾਂ ਦੀ ਪੂਰੀ ਟੀਮ ਵੱਲੋਂ ਵਿਆਪਕ ਯੋਜਨਾ ਉਲੀਕੀ ਗਈ ਹੈ। ਹੁਣ ਪੰਜਾਬ ਨੂੰ ਅਗਲੇ ਪੱਧਰ 'ਤੇ ਲਿਜਾਣਾ ਹੈ। ਬੁਨਿਆਦੀ ਢਾਂਚੇ ਅਤੇ ਨੌਜਵਾਨਾਂ ਨੂੰ ਰੋਜ਼ਗਾਰ ਪ੍ਰਦਾਨ ਕਰਨ ਲਈ ਅਜੇ ਬਹੁਤ ਕੰਮ ਕਰਨੇ ਬਾਕੀ ਹਨ।"ਉਨ੍ਹਾਂ ਕਿਹਾ, "ਸ਼ੁੱਕਰਵਾਰ ਤੋਂ ਪੰਜਾਬ ਨਿਵੇਸ਼ਕ ਸੰਮੇਲਨ ਸ਼ੁਰੂ ਹੋ ਰਿਹਾ ਹੈ ਅਤੇ ਹੁਣ ਬਹੁਤ ਸਾਰੇ ਉਦਯੋਗ ਪੰਜਾਬ ਵਿੱਚ ਆਉਣੇ ਸ਼ੁਰੂ ਹੋ ਗਏ ਹਨ। ਦੇਸ਼ ਭਰ ਦੇ ਵੱਡੇ ਉਦਯੋਗਪਤੀ ਪੰਜਾਬ ਵਿੱਚ ਨਿਵੇਸ਼ ਕਰਨ ਵਿੱਚ ਦਿਲਚਸਪੀ ਦਿਖਾ ਰਹੇ ਹਨ। ਪੰਜਾਬ ਦੇ ਤਿੰਨ ਕਰੋੜ ਲੋਕਾਂ ਨਾਲ ਮਿਲ ਕੇ ਅਸੀਂ ਸੂਬੇ ਨੂੰ ਨਵੀਂਆਂ ਬੁਲੰਦੀਆਂ 'ਤੇ ਲੈ ਜਾਵਾਂਗੇ।"ਅਰਵਿੰਦ ਕੇਜਰੀਵਾਲ ਨੇ ਆਪਣੇ ਐਕਸ ਹੈਂਡਲ 'ਤੇ ਇਹ ਵੀ ਲਿਖਿਆ, "ਵੀਰਵਾਰ ਨੂੰ ਭਗਵੰਤ ਸਿੰਘ ਮਾਨ ਅਤੇ ਮੈਂ ਆਪਣੇ ਪਰਿਵਾਰਾਂ ਸਮੇਤ ਸ੍ਰੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਮੇਰੇ ਅਤੇ ਮੇਰੀ ਪਾਰਟੀ ਦੇ ਕਈ ਆਗੂਆਂ 'ਤੇ ਝੂਠੇ ਦੋਸ਼ ਲਗਾਏ ਗਏ ਸਨ। ਅਦਾਲਤ ਨੇ ਸਾਰੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਅਤੇ ਸਪੱਸ਼ਟ ਤੌਰ 'ਤੇ ਕਿਹਾ ਕਿ ਮੁਕੱਦਮਾ ਚਲਾਉਣ ਲਈ ਇਹ ਸਬੂਤ ਕਾਫੀ ਨਹੀਂ ਹਨ। ਸੱਚ ਦੀ ਇਹ ਜਿੱਤ ਵਾਹਿਗੁਰੂ ਦੀ ਕਿਰਪਾ ਤੋਂ ਬਿਨਾਂ ਸੰਭਵ ਨਹੀਂ ਸੀ। ਸੱਚ ਦੇ ਮਾਰਗ 'ਤੇ ਚੱਲਣ ਵਾਲਿਆਂ ਨੂੰ ਹਮੇਸ਼ਾ ਗੁਰੂ ਦਾ ਆਸ਼ੀਰਵਾਦ ਮਿਲਦਾ ਹੈ।"ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਹਾਲ ਹੀ ਦੇ ਦਿਨਾਂ ਵਿੱਚ ਦਿੱਲੀ ਦੀ ਇੱਕ ਅਦਾਲਤ ਵੱਲੋਂ ਸੱਚਾਈ ਦਾ ਫੈਸਲਾ ਆਇਆ ਹੈ ਕਿ ਆਮ ਆਦਮੀ ਪਾਰਟੀ ਦੇ ਚੋਟੀ ਦੇ ਆਗੂਆਂ ਉੱਤੇ ਲਗਾਏ ਗਏ ਦੋਸ਼, ਜਿਸ ਲਈ ਉਨ੍ਹਾਂ ਨੂੰ ਜੇਲ੍ਹ ਭੇਜਿਆ ਗਿਆ ਸੀ, ਪੂਰੀ ਤਰ੍ਹਾਂ ਝੂਠੇ ਸਨ। ਅਦਾਲਤ ਨੇ ਕਿਹਾ ਕਿ ਮੁਕੱਦਮਾ ਜਾਰੀ ਰੱਖਣ ਲਈ ਇਹ ਸੂਬਤ ਕਾਫੀ ਨਹੀਂ ਸਨ। ਉਹ ਇਹ ਨਹੀਂ ਕਹਿ ਰਹੇ ਹਨ ਕਿ ਆਗੂਆਂ ਨੂੰ ਮੁਕੱਦਮੇ ਤੋਂ ਬਾਅਦ ਬਰੀ ਕਰ ਦਿੱਤਾ ਗਿਆ ਹੈ, ਸਗੋਂ ਉਹ ਕਹਿ ਰਹੇ ਹਨ ਕਿ ਮਾਮਲਾ ਕਦੇ ਸ਼ੁਰੂ ਹੀ ਨਹੀਂ ਹੋਇਆ ਅਤੇ ਕੋਈ ਟਰਾਇਲ ਹੀ ਨਹੀਂ ਹੋਇਆ। ਇਸ ਲਈ ਆਪ ਲਈ ਸੱਚ ਦੀ ਇਸ ਕਿਰਨ ਵਾਸਤੇ ਸ਼ੁਕਰਾਨੇ ਵਜੋਂ ਅਸੀਂ ਅੱਜ ਆਪਣਾ ਸਿਰ ਝੁਕਾਉਣ ਅਤੇ ਪ੍ਰਾਰਥਨਾ ਕਰਨ ਲਈ ਆਏ ਹਾਂ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਸੀਂ ਪੰਜਾਬ ਲਈ ਚੜ੍ਹਦੀ ਕਲਾ ਅਤੇ ਸਾਰਿਆਂ ਦੀ ਭਲਾਈ ਲਈ ਅਰਦਾਸ ਕੀਤੀ ਹੈ ਅਤੇ ਪਰਮਾਤਮਾ ਅੱਗੇ ਬੇਨਤੀ ਕੀਤੀ ਹੈ ਕਿ ਉਹ ਸਾਨੂੰ ਲੋਕ ਸੇਵਾ ਦੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਬਲ ਅਤੇ ਤਾਕਤ ਬਖ਼ਸ਼ੇ। ਸਾਡੀ ਸਰਕਾਰ ਦੇ ਲਗਭਗ ਚਾਰ ਸਾਲ ਪੂਰੇ ਹੋਣ ਵਾਲੇ ਹਨ ਅਤੇ ਬਜਟ ਸੈਸ਼ਨ ਵੀ ਚੱਲ ਰਿਹਾ ਹੈ। ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਅਤੇ ਇਸਦੇ ਵਿਕਾਸ ਵਾਸਤੇ ਲੋਕ-ਪੱਖੀ ਬਜਟ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਸੰਕਲਪ ਨਾਲ ਕਿ ਅਸੀਂ ਸਾਰੇ ਪੰਜਾਬ ਨੂੰ ਮੋਹਰੀ ਸੂਬਾ ਬਣਾਉਣ ਵਿੱਚ ਤਹਿ ਦਿਲੋਂ ਯੋਗਦਾਨ ਪਾਵਾਂਗੇ, ਅਸੀਂ ਅੱਜ ਆਪਣੇ ਪਰਿਵਾਰਾਂ ਸਮੇਤ ਪਰਮਾਤਮਾ ਦਾ ਧੰਨਵਾਦ ਕਰਨ ਲਈ ਆਏ ਹਾਂ।ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਅਰਦਾਸ ਕਰਦੇ ਹਾਂ ਕਿ ਪਰਮਾਤਮਾ ਸਾਨੂੰ ਸੱਚਾਈ ਅਤੇ ਇਮਾਨਦਾਰੀ ਦੇ ਮਾਰਗ 'ਤੇ ਚੱਲਣ ਦੀ ਤਾਕਤ ਦੇਵੇ ਤਾਂ ਜੋ ਅਸੀਂ ਦੇਸ਼ ਅਤੇ ਸਮਾਜ ਦੀ ਸੇਵਾ ਕਰ ਸਕੀਏ। ਉਨ੍ਹਾਂ ਅੱਗੇ ਕਿਹਾ ਕਿ ਜਿਵੇਂ ਹੀ ਅਸੀਂ ਦਰਬਾਰ ਸਾਹਿਬ ਦੇ ਗਲਿਆਰੇ ਵਿੱਚ ਦਾਖਲ ਹੋਏ ਤਾਂ ਇਹ ਸ਼ਬਦ ਪੜ੍ਹੇ ਜਾ ਰਹੇ ਸਨ ਕਿ ਜੇਕਰ ਪਰਮਾਤਮਾ ਤੁਹਾਡੇ ਨਾਲ ਹੈ, ਤਾਂ ਤੁਹਾਨੂੰ ਕਿਸੇ ਵੀ ਚੀਜ਼ ਤੋਂ ਡਰਨ ਦਾ ਕੋਈ ਲੋੜ ਨਹੀਂ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਹਮੇਸ਼ਾ ਵਾਹਿਗੁਰੂ ਅੱਗੇ ਝੁਕਣ ਵਾਲੇ ਲੋਕ ਹਾਂ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਪੰਜਾਬ ਵਿੱਚ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਮਾਮਲਿਆਂ ਵਿੱਚ ਭਾਰੀ ਗਿਰਾਵਟ ਆਈ ਹੈ। ਸਰਕਾਰ ਨੂੰ ਪ੍ਰਾਪਤ ਹੋਈ ਤਾਜ਼ਾ ਰਿਪੋਰਟ ਅਨੁਸਾਰ ਖੁਦਕੁਸ਼ੀਆਂ ਵਿੱਚ ਲਗਾਤਾਰ ਕਮੀ ਆ ਰਹੀ ਹੈ ਕਿਉਂਕਿ ਨਹਿਰੀ ਪਾਣੀ ਹੁਣ ਖੇਤਾਂ ਤੱਕ ਪਹੁੰਚ ਰਿਹਾ ਹੈ। 16 ਮਾਰਚ 2022 ਨੂੰ ਪਾਣੀ ਸਿਰਫ਼ 21 ਫ਼ੀਸਦ ਖੇਤਾਂ ਤੱਕ ਪਹੁੰਚਿਆ ਸੀ, ਜਦੋਂ ਕਿ ਅੱਜ ਮਾਰਚ 2026 ਵਿੱਚ ਇਹ ਲਗਭਗ 75 ਤੋਂ 80 ਫ਼ੀਸਦ ਤੱਕ ਪਹੁੰਚ ਗਿਆ ਹੈ। ਬਿਜਲੀ ਬੋਰਡ ਨੇ ਖੁਦ ਐਲਾਨ ਕੀਤਾ ਹੈ ਕਿ ਉਹ ਟੈਰਿਫ ਘਟਾ ਸਕਦਾ ਹੈ। ਬਿਜਲੀ ਦੀ ਖਪਤ ਘੱਟ ਗਈ ਹੈ ਅਤੇ ਦਿਨ ਵੇਲੇ ਬਿਜਲੀ ਸਪਲਾਈ ਕੀਤੀ ਜਾ ਰਹੀ ਹੈ। ਕਿਸਾਨਾਂ ਨੂੰ ਐਮਐਸਪੀ ਵੀ ਮਿਲ ਰਿਹਾ ਹੈ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੁੱਧਵਾਰ ਨੂੰ ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿੱਚ ਇੱਕ ਮਤਾ ਵੀ ਲਿਆਂਦਾ ਜਿਸ ਵਿੱਚ ਖੇਤੀਬਾੜੀ ਨੂੰ ਪ੍ਰਸਤਾਵਿਤ ਭਾਰਤ-ਅਮਰੀਕਾ ਸਮਝੌਤੇ ਤੋਂ ਬਾਹਰ ਰੱਖਣ ਦੀ ਮੰਗ ਕੀਤੀ ਗਈ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਖੇਤੀਬਾੜੀ ਨੂੰ ਇਸ ਸਮਝੌਤੇ ਤੋਂ ਬਾਹਰ ਨਹੀਂ ਰੱਖਿਆ ਜਾਂਦਾ ਤਾਂ ਸਾਡਾ ਕਿਸਾਨ ਜੋ ਇਸ ਸਮੇਂ ਆਪਣੇ ਖੇਤ ਦਾ ਮਾਲਕ ਹੈ, ਸਿਰਫ਼ ਇੱਕ ਗਾਹਕ ਬਣ ਕੇ ਰਹਿ ਜਾਵੇਗਾ। ਉਸਨੂੰ ਬੀਜਾਂ ਲਈ ਬਾਹਰੀ ਬਾਜ਼ਾਰਾਂ 'ਤੇ ਨਿਰਭਰ ਹੋਣਾ ਪਵੇਗਾ ਅਤੇ ਇਹ ਸੰਯੁਕਤ ਰਾਜ ਤੋਂ ਆਉਣ ਵਾਲੇ ਸਸਤੇ ਅਨਾਜ ਜਾਂ ਮੱਕੀ ਨਾਲ ਮੁਕਾਬਲਾ ਨਹੀਂ ਕਰ ਸਕੇਗਾ। ਅਮਰੀਕਾ ਵਿੱਚ ਔਸਤਨ ਫਾਰਮ ਦਾ ਆਕਾਰ 500 ਏਕੜ ਹੈ, ਜਦੋਂ ਕਿ ਇੱਥੇ ਇਹ ਲਗਭਗ ਢਾਈ ਏਕੜ ਹੈ। ਅਜਿਹੀ ਸਥਿਤੀ ਵਿੱਚ ਮੁਕਾਬਲਾ ਸੰਭਵ ਨਹੀਂ ਹੈ। ਉਨ੍ਹਾਂ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਅਜਿਹੇ ਕਿਸਾਨ ਵਿਰੋਧੀ ਫੈਸਲੇ ਨਹੀਂ ਲੈਣੇ ਚਾਹੀਦੇ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਦੱਸਿਆ ਕਿ ਇਨਵੈਸਟ ਪੰਜਾਬ ਸੰਮੇਲਨ 13 ਮਾਰਚ ਨੂੰ ਸ਼ੁਰੂ ਹੋਵੇਗਾ ਅਤੇ 15 ਮਾਰਚ ਤੱਕ ਜਾਰੀ ਰਹੇਗਾ। ਉਨ੍ਹਾਂ ਅੱਗੇ ਦੱਸਿਆ ਕਿ ਨਿਵੇਸ਼ਕ ਨਾ ਸਿਰਫ਼ ਦੇਸ਼ ਭਰ ਤੋਂ ਸਗੋਂ ਜਾਪਾਨ, ਕੋਰੀਆ, ਯੂਕੇ, ਫਰਾਂਸ ਅਤੇ ਸਵਿਟਜ਼ਰਲੈਂਡ ਵਰਗੇ ਦੇਸ਼ਾਂ ਤੋਂ ਵੀ ਆ ਰਹੇ ਹਨ। ਪਹਿਲੀ ਵਾਰ ਉਹ ਪੰਜਾਬ ਵਿੱਚ ਫੈਕਟਰੀਆਂ ਸਥਾਪਤ ਕਰਨ ਅਤੇ ਭਾਰਤੀ ਕੰਪਨੀਆਂ ਨਾਲ ਸਾਂਝੇਦਾਰੀ ਵਿੱਚ ਵੱਡੇ ਪਲਾਂਟ ਸਥਾਪਤ ਕਰਨ ਵਿੱਚ ਦਿਲਚਸਪੀ ਦਿਖਾ ਰਹੇ ਹਨ। 20 ਮਾਰਚ ਨੂੰ ਟਾਟਾ ਸਟੀਲ ਪਲਾਂਟ ਦਾ ਉਦਘਾਟਨ ਕੀਤਾ ਜਾਵੇਗਾ ਅਤੇ ਉਤਪਾਦਨ ਸ਼ੁਰੂ ਹੋਵੇਗਾ। ਜਮਸ਼ੇਦਪੁਰ ਤੋਂ ਬਾਅਦ ਇਹ ਦੇਸ਼ ਦਾ ਦੂਜਾ ਸਭ ਤੋਂ ਵੱਡਾ ਸਟੀਲ ਪਲਾਂਟ ਹੋਵੇਗਾ, ਜਿਸ ਨੂੰ ਪੰਜਾਬ ਵਿੱਚ ਲਗਾਇਆ ਜਾ ਰਿਹਾ ਹੈ।

# ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਯੂਪੀਐਸਸੀ ਦੀ ਵਕਾਰੀ ਪ੍ਰੀਖਿਆ ਪਾਸ ਕਰਨ ਵਾਲੀ ਰਸਨੀਤ ਕੌਰ ਕੰਬੋਜ ਨੂੰ ਵਧਾਈ ਦੇਣ ਪੁੱਜੇ



ਪਟਿਆਲਾ-ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਮੰਗਲਵਾਰ ਸ਼ਾਮ ਨੂੰ ਰਾਜਪੁਰਾ ਨੇੜੇ ਪਿੰਡ ਮਦਨਪੁਰ ਵਿਖੇ ਪਹੁੰਚ ਕੇ ਪੰਜਾਬ ਦੀ ਧੀ ਰਸਨੀਤ ਕੌਰ ਨੂੰ ਦੇਸ਼ ਦੀਆਂ ਸਭ ਤੋਂ ਔਖੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚੋਂ ਇੱਕ, ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂਪੀਐਸਸੀ) ਦੀ ਵੱਕਾਰੀ ਪ੍ਰੀਖਿਆ ਵਿੱਚ ਆਲ ਇੰਡੀਆ (ਏਆਈਆਰ) 51ਵਾਂ ਰੈਂਕ ਪ੍ਰਾਪਤ ਕਰਕੇ ਸੂਬੇ ਦਾ ਨਾਮ ਰੌਸ਼ਨ ਕਰਨ ਲਈ ਵਧਾਈ ਦਿੱਤੀ। ਇਸ ਮੌਕੇ ਵਿਧਾਇਕ ਗੁਰਲਾਲ ਘਨੌਰ ਅਤੇ ਜਲਾਲਾਬਾਦ ਦੇ ਵਿਧਾਇਕ ਜਗਦੀਪ ਸਿੰਘ ਗੋਲਡੀ ਕੰਬੋਜ ਵੀ ਮੌਜੂਦ ਸਨ। ਉਨ੍ਹਾਂ ਨੇ ਰਸਨੀਤ ਕੌਰ ਨੂੰ ਪੰਜਾਬ ਸਰਕਾਰ ਵੱਲੋਂ ਸਨਮਾਨਿਤ ਕੀਤਾ।ਇਸ ਅਹਿਮ ਪ੍ਰਾਪਤੀ ਹਾਸਲ ਕਰਨ ਵਾਲੀ ਨੌਜਵਾਨ ਬੱਚੀ ਰਸਨੀਤ ਕੌਰ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਧਾਈ ਦਿੰਦੇ ਹੋਏ, ਖੇਤੀਬਾੜੀ ਮੰਤਰੀ ਨੇ ਉਸਦੇ ਮਾਪਿਆਂ ਨੂੰ ਉਨ੍ਹਾਂ ਦੇ ਸਮਰਥਨ ਅਤੇ ਉਤਸ਼ਾਹ ਲਈ ਵੀ ਵਧਾਈ ਦਿੱਤੀ। ਉਨ੍ਹਾਂ ਨੇ ਰਸਨੀਤ ਕੌਰ ਦੇ ਪਿਤਾ ਅਤੇ ਪੰਜਾਬ ਬਿਜਲੀ ਨਿਗਮ 'ਚ ਲਾਈਨਮੈਨ ਵਜੋਂ ਕੰਮ ਕਰਦੇ ਜਸਵਿੰਦਰ ਸਿੰਘ ਤੇ ਮਾਤਾ ਇੱਕ ਇੱਕ ਘਰੇਲੂ ਸੁਆਣੀ ਸਵਰਨ ਕੌਰ, ਵੱਲੋਂ ਆਪਣੀ ਬੱਚੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਦਿੱਤੇ ਸਹਿਯੋਗ ਦੀ ਸ਼ਲਾਘਾ ਕੀਤੀ। ਰਸਨੀਤ ਕੌਰ ਦੀ ਸ਼ਾਨਦਾਰ ਪ੍ਰਾਪਤੀ ਦੀ ਸ਼ਲਾਘਾ ਕਰਦੇ ਹੋਏ, ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਸਿਰਫ 22 ਸਾਲ ਦੀ ਛੋਟੀ ਉਮਰ ਵਿੱਚ, ਉਸਨੇ ਆਪਣੀ ਪਹਿਲੀ ਹੀ ਕੋਸ਼ਿਸ਼ ਵਿੱਚ ਆਲ ਇੰਡੀਆ 51ਵਾਂ ਰੈਂਕ ਪ੍ਰਾਪਤ ਕੀਤਾ। ਖੇਤੀ ਮੰਤਰੀ ਨੇ ਕਿਹਾ ਕਿ ਪਿੰਡ ਮਦਨਪੁਰ ਦੀ ਰਹਿਣ ਵਾਲੀ, ਇਸ ਬੱਚੀ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੀਆਂ ਧੀਆਂ ਹਰ ਖੇਤਰ ਵਿੱਚ ਉੱਤਮ ਹਨ ਅਤੇ ਸਖ਼ਤ ਮਿਹਨਤ ਅਤੇ ਦ੍ਰਿੜ ਇਰਾਦੇ ਨਾਲ ਸਭ ਤੋਂ ਉੱਚੇ ਮੀਲ ਪੱਥਰ ਪ੍ਰਾਪਤ ਕਰਨ ਦੇ ਸਮਰੱਥ ਹਨ।ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਵਿਦਿਆਰਥੀਆਂ ਨੂੰ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਇੱਕ ਅਨੁਕੂਲ ਵਾਤਾਵਰਣ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ ਕਿ "ਸਾਡੀ ਸਰਕਾਰ ਬਿਹਤਰ ਵਿਦਿਅਕ ਮੌਕੇ ਯਕੀਨੀ ਬਣਾ ਰਹੀ ਹੈ ਅਤੇ ਹਰ ਸੰਭਵ ਸਹਾਇਤਾ ਅਤੇ ਸਹੂਲਤਾਂ ਪ੍ਰਦਾਨ ਕਰ ਰਹੀ ਹੈ ਤਾਂ ਜੋ ਪੰਜਾਬ ਦੇ ਨੌਜਵਾਨ ਆਪਣੀ ਪਸੰਦ ਦੇ ਖੇਤਰਾਂ ਵਿੱਚ ਉੱਤਮਤਾ ਪ੍ਰਾਪਤ ਕਰ ਸਕਣ ਅਤੇ ਰਾਜ ਅਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾ ਸਕਣ।" ਗੁਰਮੀਤ ਸਿੰਘ ਖੁੱਡੀਆਂ ਨੇ ਅੱਗੇ ਉਮੀਦ ਪ੍ਰਗਟਾਈ ਕਿ ਰਸਨੀਤ ਕੌਰ ਦੀ ਸਫਲਤਾ ਪੰਜਾਬ ਭਰ ਦੇ ਹੋਰ ਬਹੁਤ ਸਾਰੇ ਨੌਜਵਾਨ ਮੁੰਡੇ-ਕੁੜੀਆਂ ਨੂੰ ਸਮਰਪਣ ਅਤੇ ਦ੍ਰਿੜਤਾ ਨਾਲ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਲਈ ਪ੍ਰੇਰਿਤ ਕਰੇਗੀ। ਕੈਬਨਿਟ ਮੰਤਰੀ ਨੇ ਸਿਵਲ ਸੇਵਾਵਾਂ ਵਿੱਚ ਰਸਨੀਤ ਕੌਰ ਦੇ ਉੱਜਵਲ ਭਵਿੱਖ ਅਤੇ ਆਉਣ ਵਾਲੀਆਂ ਜ਼ਿੰਮੇਵਾਰੀਆਂ ਵਿੱਚ ਸਫਲਤਾ ਦੀ ਕਾਮਨਾ ਕੀਤੀ।ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਰਸਨੀਤ ਕੌਰ ਨੇ ਹਲਕਾ ਘਨੌਰ ਸਮੇਤ ਸਾਰੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਵਿਧਾਇਕ ਗੋਲਡੀ ਕੰਬੋਜ ਨੇ ਕਿਹਾ ਕਿ ਬੱਚੀ ਨੇ ਵਕਾਰੀ ਪ੍ਰੀਖਿਆ ਪਾਸ ਕਰਕੇ ਕੰਬੋਜ ਭਾਈਚਾਰੇ ਦਾ ਮਾਣ ਵਧਾਇਆ ਹੈ। ਇਸ ਦੌਰਾਨ ਤਾਇਆ ਬਲਜਿੰਦਰ ਸਿੰਘ, ਦਾਦਾ ਗੁਰਦਿਆਲ ਸਿੰਘ, ਦਾਦੀ ਪ੍ਰੀਤਮ ਕੌਰ, ਭਰਾ ਜਗਦੀਪ ਸਿੰਘ, ਯੂਜੀਸੀ ਪਾਸ ਭੈਣ ਜਸਕਿਰਨ ਕੌਰ ਅਤੇ ਹੋਰ ਪਰਿਵਾਰਕ ਮੈਂਬਰ ਤੇ ਸਹਿਜਪਾਲ ਸਿੰਘ ਲਾਡਾ ਵੀ ਹਾਜ਼ਰ ਸਨ।

# ਪਰ ਧਨ ਪਰ ਦਾਰਾ

ਮਨੁੱਖੀ ਜਗਤ ਦੀਆਂ ਮੂਲ ਸਮੱਸਿਆਵਾਂ ਕੇਵਲ ਦੋ ਹੀ ਹਨ : ਉਹ ਹਨ ਚੋਰੀ ਤੇ ਯਾਰੀ। ਦੂਜੇ ਦੇ ਰੂਪ ਤੋਂ ਪ੍ਰਭਾਵਿਤ ਹੋਇਆ ਮਨੁੱਖ ਦੁਰਾਚਾਰੀ ਹੋ ਜਾਂਦਾ ਹੈ। ਦੂਜੇ ਦਾ ਧਨ ਪ੍ਰਭਾਵਿਤ ਕਰੇ ਤਾਂ ਲੋਭ-ਵੱਸ ਮਨੁੱਖ ਚੋਰ ਹੋ ਜਾਂਦਾ ਹੈ। ਚੋਰ ਤੋਂ ਦੂਜੇ ਦੇ ਧਨ ਨੂੰ ਖ਼ਤਰਾ ਹੈ। ਯਾਰ ਤੋਂ ਦੂਜੇ ਦੀ ਅਸਮਤ ਨੂੰ ਖ਼ਤਰਾ ਹੈ। ਔਰ ਜਦ ਚੋਰਾਂ ਤੇ ਯਾਰਾਂ ਦੀ ਤਾਦਾਦ ਬਹੁਤ ਜ਼ਿਆਦਾ ਹੋਵੇ ਤਾਂ ਅਸਮਤ ਤੇ ਧਨ ਬਚਾਉਣਾ ਬਹੁਤ ਔਖਾ ਹੋ ਜਾਂਦਾ ਹੈ। ਸਮਾਜ ਤੇ ਰਾਜਨੀਤੀ ਨੇ ਨਿਯਮ ਬਣਾਏ ਹਨ, ਪਰ ਇਨ੍ਹਾਂ ਨਿਯਮਾਂ ਨੂੰ ਤੋੜ ਕੇ ਚੋਰ ਯਾਰ ਆਪਣਾ ਕੰਮ ਕਰੀ ਜਾਂਦੇ ਹਨ। ਦੁਨੀਆਂ ਦੇ ਹਰ ਕੋਨੇ, ਹਰ ਦੇਸ਼ ਵਿਚ ਚੋਰੀ-ਯਾਰੀ ਮੌਜੂਦ ਹੈ।ਕਮਜ਼ੋਰ ਤੇ ਛੋਟੇ ਮਨੁੱਖ, ਛੋਟੇ ਦੇਸ਼ ਤੇ ਛੋਟੀਆਂ ਕੌਮਾਂ ਛੋਟੇ ਪੱਧਰ ਦੀਆਂ ਚੋਰੀਆਂ ਕਰਦੇ ਹਨ, ਪਰ ਵੱਡੇ ਦੇਸ਼ ਤੇ ਵੱਡੀਆਂ ਕੌਮਾਂ ਤੇ ਵੱਡੇ ਮਨੁੱਖ ਵੱਡੇ ਪੱਧਰ ਦੀ ਚੋਰੀ ਕਰਦੇ ਹਨ । ਮਨੁੱਖ ਦੇ ਆਦਿ ਕਾਲ ਰਿਹਾ ਹੈ ਤੇ ਬਹੁਤ ਵੱਡੇ ਸੰਸਰ ਦੋ ਔਗੁਣਾਂ ਕਰਕੇ ਸੰਸਾਰ ਵਿਦਵਾਨਾਂ ਨੇ ਖੂਨ ਜ਼ਰ, ਜ਼ਮੀਨ, ਜ਼ੋਰੂ ਕਾਰਨ ਸਾਰੀਆਂ ਲੜਾਈਆਂ ਪਿੱਛੇ ਇਹੀ ਕਾਰਨ ਕੰਮ ਕਰ ਰਹੇ ਹਨ।ਕਾਨੂੰਨ ਨਿਯਮ ਹਰ ਦੇਸ਼ ਵਿਚ ਮੌਜੂਦ ਹੈ, ਪਰ ਇਹ ਕਾਨੂੰਨ ਕੰਮ ਨਹੀਂ ਕਰ ਰਿਹਾ ਕਿਉਂਕਿ ਕਾਨੂੰਨ ਦੇ ਹੁੰਦਿਆਂ ਹੋਇਆਂ ਵੀ ਚੋਰੀ ਯਾਰੀ ਕਾਬੂ ਵਿਚ ਨਹੀਂ ਆ ਰਹੀ ਔਰ ਐਸਾ ਵੀ ਪ੍ਰਤੀਤ ਹੁੰਦਾ ਹੈ ਕਿ ਕਾਨੂੰਨ ਬਣਾਉਣ ਵਾਲੇ ਵੀ ਚੋਰ ਹਨ। ਕਾਨੂੰਨ ਰਾਜਨੀਤਕਨਿਯਮ ਦੀ ਜਾਨ ਬੜੀ ਕਮਜ਼ੋਰ ਹੈ। ਇਸ ਵਿਚ ਛੋਟੇ ਚੋਰ, ਛੋਟੇ ਬਦਮਾਸ਼ ਪਕੜੇ ਜਾਂਦੇ ਹਨ। ਵੱਡੇ ਬਦਮਾਸ਼ ਜਾਲ ਤੋੜ ਕੇ ਲੰਘ ਜਾਂਦੇ ਹਨ। ਇਸ ਵਾਸਤੇ ਆਖਿਆ ਗਿਆ ਹੈ ਕਿ ਕਾਨੂੰਨ ਮਕੜੀ ਦਾ ਜਾਲਾ ਹੈ, ਇਸ ਵਿਚ ਛੋਟੇ ਛੋਟੇ ਕੀੜੇ ਫਸ ਜਾਂਦੇ ਹਨ ਤੇ ਵੱਡੇ ਜਾਲਾ ਤੋੜ ਕੇ ਲੰਘ ਜਾਂਦੇ ਹਨ। ਛੋਟੇ ਚੋਰ ਪਕੜੇ ਜਾਂਦੇ ਹਨ, ਪਰ ਵੱਡੇ ਚੋਰ ਜੋ ਸਾਰਾ ਦੇਸ਼ ਲੁੱਟ ਲੈਂਦੇ ਹਨ, ਸਾਰੀ ਕੌਮ ਨੂੰ ਧੋਖਾ ਦੇ ਜਾਂਦੇ ਹਨ, ਰਾਜ ਸਿੰਘਾਸਨ 'ਤੇ ਬੈਠ ਕੇ ਪੂਜੇ ਜਾਂਦੇ ਹਨ। ਵੱਡੇ ਵੱਡੇ ਲੁਟੇਰਿਆਂ ਦੇ ਮਕਬਰੇ ਬਣੇ ਹੋਏ ਹਨ, ਸਮਾਧਾਂ ਬਣੀਆਂ ਹੋਈਆਂ ਹਨ ਤੇ ਵੱਡੇ ਵੱਡੇ ਚੋਰ ਉਥੇ ਫੁੱਲਾਂ ਦੀ ਮਾਲਾ ਰੋਜ਼ ਚਾੜ੍ਹਦੇ ਹਨ।ਇਹ ਵੱਡੇ ਦੁਰਾਚਾਰੀ ਸੈਂਕੜੇ ਇਸਤਰੀਆਂ ਨੂੰ ਆਪਣੇ ਹਰਮਾਂ ਵਿਚ ਰੱਖ ਕੇ ਵੀ ਸਨਮਾਨਤ ਹੁੰਦੇ ਰਹੇ ਹਨ ਤੇ ਹੋ ਰਹੇ ਹਨ। ਕਿਸੇ ਇਕ ਵਿਅਕਤੀ ਦੀ ਜਿਸ ਨੇ ਜੇਬ ਕੱਟ ਲਈ ਹੈ, ਅਕਸਰ ਪਕੜਿਆ ਜਾਂਦਾਹੈ, ਸਜ਼ਾ ਪਾਂਦਾ ਹੈ, ਪਰ ਜੋ ਸਾਰੇ ਦੇਸ਼ ਨੂੰ ਲੁੱਟ ਲੈਂਦਾ ਹੈ, ਉਹ ਫੁੱਲਾਂ ਦੀਆਂ ਮਾਲਾਂ ਨਾਲ ਸਨਮਾਨਤ ਹੁੰਦਾ ਹੈ। ਦੁਨੀਆਂ ਦੇ ਪੁਰਾਣੇ ਤੇ ਨਵੇਂ ਬਾਦਸ਼ਾਹ ਹੁਕਮਰਾਨ ਜਾਂ ਤਾਂ ਡਾਕੂ ਸਨ ਜਾਂ ਡਾਕੂਆਂ ਦੀ ਸੰਤਾਨ ਸਨ ਔਰ ਪਰੰਪਰਾ ਤੋਂ ਇਹ ਚਾਲ ਚੱਲੀ ਆ ਰਹੀ ਹੈ। ਚੋਰੀ ਯਾਰੀ ਦੀਆਂ ਇਨ੍ਹਾਂ ਦੋਹਾਂ ਕਮਜ਼ੋਰੀਆਂ ਨੇ ਮਨੁੱਖੀ ਦੁਨੀਆਂ ਨੂੰ ਨਰਕ ਬਣਾਇਆ ਹੋਇਆ ਹੈ। ਕੋਈ ਛੋਟਾ ਬਦਮਾਸ਼ ਕਿਸੇ ਇਕ ਦੀ ਅਸਮਤ ਲੁੱਟ ਲੈਂਦਾ ਹੈ, ਪਰ ਵੱਡੇ ਬਦਮਾਸ਼ ਰਖੇਲਾਂ ਤੇ ਹੋਰ ਅਨੇਕਾਂ ਇਸਤਰੀਆਂ ਦੀ ਅਸਮਤ ਬੜੇ ਸੰਯੋਜਿਕ ਢੰਗ ਨਾਲ ਲੁੱਟਦੇ ਆ ਰਹੇ ਹਨ। ਸ਼ਰਾਫ਼ਤ ਦਾ ਜਾਮਾ ਪਹਿਨ, ਕਈ ਛੋਟੇ ਬਦਮਾਸ਼ਾਂ ਨੇ ਵੇਸਵਾਵਾਂ ਦੇ ਬਾਜ਼ਾਰ ਨੂੰ ਜਨਮ ਦਿੱਤਾ ਹੈ। ਨਗਰ-ਬਧੂ ਦੀ ਪਰੰਪਰਾ ਆਦਿ ਕਾਲ ਤੋਂ ਚਲੀ ਆਰਹੀ ਹੈ। ਇਨ੍ਹਾਂ ਦੋ ਮੂਲ ਕਮਜੋਰੀਆਂ ਨੇ ਮਨੁੱਖੀ ਜੀਵਨ ਦਾ ਮੂਲ ਹੀ ਨਸ਼ਟ ਕਰ ਦਿੱਤਾ ਹੈ। ਜਿਸ ਸਮਾਜ ਵਿਚ ਚੋਰੀ ਯਾਰੀ ਜੀਵਨ ਦਾ ਅੰਗ ਬਣ ਜਾਵੇ ਤੇ ਵੱਡੇ ਚੋਰ ਤੇ ਵੱਡੇ ਬਦਮਾਸ਼ ਸਨਮਾਨਤ ਕੀਤੇ ਜਾਣ ਤਾਂ ਐਸੇ ਸਮਾਜ ਨੂੰ ਜੀਵਨ ਦੇ ਮੂਲ ਪਰਮਾਤਮਾ ਨਾਲ ਜੋੜਨਾ ਔਖਾ ਹੋ ਜਾਂਦਾ ਹੈ।ਜਗਤ ਦੇ ਕੁੱਝ ਧਾਰਮਿਕ ਲੋਕ ਤੇ ਧਾਰਮਿਕ ਪ੍ਰਸੰਗ ਵੀ ਧਾਰਮਿਕ ਨਹੀਂ ਜਾਪਦੇ। ਹੂਰਾਂ ਤੇ ਅੰਗੂਰੀ ਸ਼ਰਾਬ ਦੀ ਇੱਛਾ ਨੂੰ ਮੁੱਖ ਰੱਖ ਕੇ ਨਿਮਾਜ਼ ਅਦਾ ਕਰਨੀ ਤੇ ਅਪੱਛਰਾਂ ਤੇ ਸੋਮ-ਰਸ ਦੀ ਆਸ਼ਾ ਨੂੰ ਮੁੱਖ ਰੱਖ ਪੂਜਾ ਪਾਠ ਕਰਨਾ- ਇਹ ਤਾਂ ਧਰਮ ਨੂੰ ਭ੍ਰਿਸ਼ਟ ਕਰਨ ਵਾਲੀ ਘਟਨਾ ਹੈ। ਜਦ ਕਾਮਨਾ ਇਤਨੀ ਮਲੀਨ ਹੈ ਤਾਂ ਇਸ ਮਲੀਨ ਕਾਮਨਾ ਅਧੀਨ ਧਾਰਮਿਕ ਕ੍ਰਿਤ ਕੀਤਾ ਜਾ ਰਿਹਾ ਹੈ ਤਾਂ ਐਸਾ ਮਨੁੱਖ ਜ਼ਰੂਰ ਵਿਕਾਰਾਂ ਦੇ ਖੱਡੇ ਵਿਚ ਗਿਰੇਗਾ। ਕਿਸੇ ਰਿਸ਼ੀ ਦਾ ਤਪ ਕੋਈ ਮੈਨਕਾ ਤੇ ਉਰਵਸ਼ੀ ਭੰਗ ਕਰ ਜਾਂਦੀ ਹੈ ਤੇ ਕਿਸੇ ਫ਼ਕੀਰ ਦੀ ਨਿਮਾਜ਼ ਕੋਈ ਹੂਰ ਕਜ਼ਾ (ਭੰਗ) ਕਰ ਜਾਂਦੀ ਹੈ।ਜਦ ਇਨ੍ਹਾਂ ਦੀ ਕਾਮਨਾ ਨੂੰ ਮੁੱਖ ਰੱਖ ਕੇ ਹੀ ਜਪ ਤਪ ਕੀਤਾ ਜਾ ਰਿਹਾ ਸੀ ਤਾਂ ਕਾਮਨਾ ਤਾਂ ਅਧੀਰ (ਬੇਚੈਨ) ਕਰ ਦੇਂਦੀ ਹੈ। ਤੇ ਇਸ ਤਰ੍ਹਾਂ ਅਧੀਰ ਹੋਏ ਬੰਦੇ ਅਗਰ ਵਿਕਾਰਾਂ ਦੇ ਰਸਾਤਲ ਵਿਚ ਜਾ ਡਿੱਗੇ ਹਨ, ਇਹ ਤਾਂ ਸੁਭਾਵਕ ਹੀ ਸੀ।ਜੰਨਤ ਵਿਚ ਹੂਰਾਂ ਤੇ ਅੰਗੂਰੀ ਸ਼ਰਾਬ ਤੇ ਸਵਰਗ ਵਿਚ ਅਪੱਛਰਾਂ ਤੇ ਸੋਮਰਸ ਦੀ ਕਲਪਨਾ ਕਰ, ਇਨ੍ਹਾਂ ਲੋਕਾਂ ਨੇ ਸਵਰਗ ਜੰਨਤ ਦੀ ਮਹਿਮਾ ਨੂੰ ਹੀ ਆਮ ਮਨੁੱਖ ਦੀਆਂ ਨਜ਼ਰਾਂ ਤੋਂ ਓਝਲ ਕਰ ਦਿੱਤਾ ਹੈ। ਚੋਰੀ ਯਾਰੀ ਦੇ ਸੰਸਕਾਰ ਇਤਨੇ ਪ੍ਰਬਲ ਹਨ ਕਿ ਸਵਰਗ ਤੇ ਜੰਨਤ ਤਕ ਪਿੱਛਾ ਕਰਦੇ ਹਨ। ਇਸ ਤਰ੍ਹਾਂ ਦੀਆਂ ਮਨੌਤਾਂ ਕਮਜ਼ੋਰ ਬੰਦਿਆਂ ਦੀਆਂ ਘਾੜਤਾਂ ਹਨ ਤੇ ਧਰਮ ਨੂੰ ਮਨੁੱਖਦੀਆਂ ਨਜ਼ਰਾਂ ਵਿਚ ਕਮਜ਼ੋਰ ਕਰਦੀਆਂ ਹਨ :ਬਹਿਸ਼ਤੋ ਹੂਰੇ ਗਿਲਮਾਂ ਇਵਜ਼ੇ ਤਾਇਤ ਮੈਂ ਨਾ ਮਾਨੂੰਗਾ, ਇਨਹੀਂ ਬਾਤੋਂ ਸੇ ਐ ਵਾਇਜ਼ ਜ਼ਈਫ ਈਮਾਨ ਹੋਤਾ ਹੈ।(ਇਕਬਾਲ)ਚੋਰ ਤੇ ਯਾਰ ਦਾ ਸਾਰਾ ਜੀਵਨ ਬਾਹਰ-ਮੁਖੀ ਹੈ। ਧਨ ਤੇ ਰੂਪ ਬਾਹਰੋਂ ਹੀ ਪ੍ਰਭਾਵਿਤ ਕਰਦਾ ਹੈ। ਧਰਮ ਦੀ ਸਾਰੀ ਸਾਧਨਾ ਅੰਤਰ-ਮੁਖੀ ਹੈ। ਜੈਸੇ ਜੈਸੇ ਬਿਰਤੀਆਂ ਅੰਤਰ-ਮੁਖੀ ਹੁੰਦੀਆਂ ਹਨ, ਤਿਵੇਂ ਤਿਵੇਂ ਰੂਪ ਤੇ ਧਨ ਦੀ ਪਕੜ ਘਟਦੀ ਹੈ।ਭਗਤ ਨਾਮਦੇਵ ਜੀ ਤਾਂ ਫ਼ੈਸਲਾਕੁੰਨ ਗੱਲ ਕਰਦੇ ਹਨ ਕਿ ਜਿਸ ਦੇ ਅੰਦਰ ਪਰਾਏ ਧਨ ਤੇ ਰੂਪ ਦੀ ਪਕੜ ਨਹੀਂ ਹੈ, ਉਹੀ ਮਨੁੱਖ ਧਾਰਮਿਕ ਹੈ ਤੇ ਪਰਮਾਤਮਾ ਦਾ ਉਥੇ ਹੀ ਵਾਸਾ ਹੈ :ਪਰ ਧਨ ਪਰ ਦਾਰਾ ਪਰਹਰੀ।।ਤਾ ਕੈ ਨਿਕਟਿ ਬਸੈ ਨਰਹਰੀ।।ਮਹਾਤਮਾ ਤੁਲਸੀ ਜੀ ਦਾ ਕਹਿਣਾ ਹੈ ਕਿ ਜਿਸ ਨੂੰ ਪਰਾਇਆ ਧਨ ਮਿੱਟੀ ਤੇ ਪਰਾਇਆ ਰੂਪ ਮਾਂ ਦਿਖਾਈ ਦੇਵੇ ਤੇ ਪਰਮਾਤਮਾ ਫਿਰ ਵੀ ਨਾ ਮਿਲੇ, ਐਸਾ ਹੋ ਨਹੀਂ ਸਕਦਾ ਤੇ ਮੈਂ ਜਾਮਨ ਹਾਂ- ਮੈਂ ਮਿਲਾਵਾਂਗਾ।ਪਰ ਧਨ ਕੋ ਮਿੱਟੀ ਸਮਝੇ ਪਰ ਤ੍ਰਿਆ ਮਾਤ ਸਮਾਨ। ਇਤਨੇ ਪਰ ਹਰੀ ਨਾ ਮਿਲੇ ਤੋਂ ਤੁਲਸੀ ਦਾਸ ਜ਼ਮਾਨ।(ਤੁਲਸੀਦਾਸ)ਜਗਤ-ਗੁਰੂ ਬਾਬਾ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਾਵਨ ਰਚਨਾ ਅੰਦਰ ਸ਼ਾਇਰਾਨਾ ਅੰਦਾਜ਼ ਵਿਚ ਸਮਝਾਣ ਦੀ ਕੋਸ਼ਿਸ਼ ਕੀਤੀ ਹੈ। ਪਰ-ਧਨ ਨੂੰ ਹੱਥ ਪਾਉਣਾ ਤਾਂ ਮੁਸਲਿਮ ਲਈ ਸੂਰ ਤੇ ਹਿੰਦੂ ਲਈ ਗਊ ਦਾ ਮਾਸ ਖਾਣਾ ਹੈ :ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।। ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।।ਕਾਨੂੰਨ, ਧਰਮ ਤੇ ਸਮਾਜ ਦੀ ਵਾੜ ਨੂੰ ਤੋੜ, ਪਰਾਇਆ ਹੱਕ ਖਾਣਾ, ਆਪਣੇ ਡਿੱਗਣ ਲਈ ਖੂਹ ਪੁੱਟਣਾ ਹੈ।ਜੰਗਲੀ ਹਿਰਨ ਕੁਦਰਤੀ ਘਾਸ ਛੱਡ ਕੇ ਵਾੜ ਤੋਂ ਛਾਲ ਮਾਰ ਰੋਜ਼ ਕਿਸਾਨ ਦੀ ਖੇਤੀ ਉਜਾੜਨ ਲੱਗ ਪਿਆ।ਮਨੁੱਖ ਆਪਣੀ ਪ੍ਰਾਲਬਧ ਤੋਂ ਸੰਤੁਸ਼ਟ ਨਾ ਹੋ ਕੇ ਪਰਾਏ ਹੱਕ ਨੂੰ ਖੋਹਣ ਦੀ ਕੋਸ਼ਿਸ਼ ਕਰਦਾ ਹੈ।ਆਖਿਰ ਇਕ ਦਿਨ ਹਿਰਨ ਕਿਸਾਨ ਦੇ ਵਿਛਾਏ ਜਾਲ ਵਿਚ ਫਸ ਜਾਂਦਾ ਹੈ। ਕਿਸਾਨ ਉਸ ਦੀ ਸੋਟੀਆਂ ਨਾਲ ਪਿਟਾਈ ਕਰਦਾ ਹੈ। ਉਸ ਦਾ ਅੰਗ ਅੰਗ ਤੋੜ ਦੇਂਦਾ ਹੈ। ਪਰਾਏ ਹੱਕ ਨੂੰ ਖੋਹਣ ਵਾਲਾ ਇਕ ਦਿਨ ਸਿਕੰਜੇ ਵਿਚ ਆਂਵਦਾ ਹੈ ਤੇ ਅਤਿਅੰਤ ਦੁੱਖ ਭੋਗਦਾ ਹੈ, ਪਰ ਅਕਾਲ ਪੁਰਖ ਨੂੰ ਵਿਸਾਰ ਕੇ ਪਰਾਈਆਂ ਖੇਤੀਆਂ ਬੇਫ਼ਿਕਰੀ ਨਾਲ ਉਜਾੜਨ ਦਾ ਫਲ ਤਾਂ ਪੀੜਾ, ਦੁੱਖ ਹੀ ਹੁੰਦਾ ਹੈ। ਐਸੀ ਬਿਪਤਾ ਵਿਚ ਹਰੀ ਹੀ ਬਚਾ ਸਕਦਾ ਹੈ, ਪਰ ਉਸ ਨਾਲ ਕੋਈ ਸੰਬੰਧ ਨਹੀਂ ਹੈ :ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ।।ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ।।ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ ਪਰਤਾਪਏ।।ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ।।ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਿਸਾਰਿਆ।।ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਹਰਣਾ ਕਾਲਿਆ।।ਰੂਪ ਦੇ ਰਸੀਏ ਭੌਰੇ ਸਮਾਨ ਹੁੰਦੇ ਹਨ ਤੇ ਵੱਖ ਵੱਖ ਰੂਪ ਦੇ ਰਸ ਵਿਚ ਭਟਕਦੇ ਹਨ। ਆਖਿਰ ਰੂਪ ਦਾ ਰਸ ਲੈਂਦੇ ਲੈਂਦੇ ਇਕ ਦਿਨ ਆਪਣੇ ਜੀਵਨ ਦਾ ਰਸ ਗਵਾ, ਦੁੱਖਾਂ ਦੀ ਭੱਠੀ ਵਿਚ ਪੈਂਦੇ ਹਨ। ਅੰਜਾਮ ਨੂੰ ਭੁਲਾ, ਪਰ ਤਨ ਦੇ ਰਸੀਆਂ ਦਾ ਅੰਤ ਅਤੀ ਪੀੜਾਦਾਇਕ ਹੁੰਦਾ ਹੈ :ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ।।ਮੈ ਗੁਰੁ ਪੂਛਿਆ ਆਪਣਾ ਸਾਚਾ ਬੀਚਾਰੀ ਰਾਮ।। ਬੀਚਾਰਿ ਸਤਿਗੁਰੁ ਮੁਝੈ ਪੂਛਿਆ ਭਵਰੁ ਬੇਲੀ ਰਾਤਓ।। ਸੂਰਜੁ ਚੜਿਆ ਪਿੰਡੁ ਪੜਿਆ ਤੇਲੁ ਤਾਵਣਿ ਤਾਤਓ।। ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ।। ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਭਵਰਾ ਕਾਲਿਆ।।ਫੁੱਲ ਫੁੱਲ 'ਤੇ ਭਟਕਣਾ ਤੇ ਅੰਤ ਨੂੰ ਦੁੱਖ ਸਹਾਰਨਾ ਇਹ ਭੌਰਾ ਬਿਤੀ ਹੈ। ਵੈਸੇ ਤਾਂ ਮਨੁੱਖ ਅਨੰਤ ਕਮਜ਼ੋਰੀਆਂ ਦਾ ਪੁਤਲਾ ਹੈ, ਪਰ ਕੁਛ ਮੂਲ ਕਮਜ਼ੋਰੀਆਂ ਹਨ ਜਿਨ੍ਹਾਂ ਕਰਕੇ ਜਨਮ ਮਰਨ ਦੇ ਅਸਾਧ ਦੁੱਖਾਂ ਦੀ ਸ਼ੰਖਲਾ ਚੱਲ ਪੈਂਦੀ ਹੈ। ਉਨ੍ਹਾਂ ਮੂਲ ਕਮਜ਼ੋਰੀਆਂ ਵਿੱਚੋਂ ਜ਼ਬਾਨ ਦੇ ਚਸਕੇ ਵੀ ਇਕ ਬੁਨਿਆਦੀ ਅਵਗੁਣ ਹੈ।ਦਰਅਸਲ ਅਸਲੀ ਸਵਾਦ ਤਾਂ ਭੁੱਖ ਵਿਚ ਹੈ, ਪਰ ਜ਼ਬਾਨ ਦੇ ਚਸਕਿਆਂ ਹੇਠ ਆਇਆ ਮਨੁੱਖ ਭੁੱਖ ਤੋਂ ਬਿਨਾਂ ਵੀ ਖਾਈ ਜਾਂਦਾ ਹੈ। ਸਿਰਫ਼ ਰਸਨਾ ਦੇ ਰਸ ਅਧੀਨ ਹੋਇਆ ਮਨੁੱਖ ਇਹ ਵੇਖਦਾ ਹੀ ਨਹੀਂ ਕਿ ਬਿਨਾਂ ਭੁੱਖ ਦੇ ਖਾਧੇ ਹੋਏ ਪਦਾਰਥ ਰੋਗਾਂ ਨੂੰ ਜਨਮ ਦੇਂਦੇ ਹਨ।ਮਛਲੀ ਜੀਭ ਦੇ ਸੁਆਦ ਅਧੀਨ ਹੋਈ ਮਾਸ ਤਾਂ ਵੇਖਦੀ ਹੈ ਪਰ ਮਾਸ ਵਿਚ ਛੁਪੀ ਹੋਈ ਕੁੰਡੀ ਨਹੀਂ ਵਿਖਾਈ ਦੇਂਦੀ ਤੇ ਅੰਤ ਨੂੰ ਸਿਵਾਇ ਦੁੱਖਾਂ ਦੇ ਹੋਰ ਕੁਛ ਪ੍ਰਾਪਤ ਨਹੀਂ ਹੁੰਦਾ। ਭੁੱਖ ਨਾਲ ਇਤਨੇ ਮਨੁੱਖ ਨਹੀਂ ਮਰਦੇ, ਜਿਤਨੇ ਜ਼ਿਆਦਾ ਖਾਣ ਨਾਲ ਮਰਦੇ ਹਨ।ਸੱਚ ਤਾਂ ਇਹ ਹੈ ਕਿ ਪਚਾਣ ਦੀ ਸ਼ਕਤੀ ਸੀਮਤ ਹੈ।ਜਿਹੜਾ ਮਨੁੱਖ ਹਰ ਵਕਤ ਆਪਣੀ ਪਾਚਨ-ਸ਼ਕਤੀ 'ਤੇ ਭਾਰੀ ਬੋਝ ਪਾਈ ਰੱਖਦਾ ਹੈ, ਉਸ ਦੇ ਸਰੀਰ ਦੀ ਸ਼ਕਤੀ ਜਲਦੀ ਛੀਨ ਹੋ ਜਾਵੇਗੀ। ਬਹੁਤ ਖਾਧਾ ਹੋਇਆ ਭੋਜਨ ਜਿਤਨੀ ਸ਼ਕਤੀ ਸਰੀਰ ਨੂੰ ਦੇਂਦਾ ਹੈ, ਉਸ ਤੋਂ ਦੁਗਣੀ ਪਚਾਣ ਵਿਚ ਖ਼ਤਮ ਹੋ ਜਾਂਦੀ ਹੈ।ਇਸ ਤਰ੍ਹਾਂ ਜ਼ਿਆਦਾ ਖਾਣ ਵਾਲੇ ਦੀ ਉਮਰ ਘੱਟ ਜਾਂਦੀ ਹੈ। ਮੱਛੀ ਵਾਲੀ ਇਹ ਕਮਜ਼ੋਰੀ ਕਿ ਸਿਰਫ਼ ਮਾਸ ਦਿਖਾਈ ਦੇਣਾ, ਕੁੰਡੀ ਦਾ ਨਾ ਦਿਖਾਈ ਦੇਣਾ, ਮਨੁੱਖ ਵਿਚ ਵੀ ਹੈ। ਜ਼ਬਾਨ ਦੇ ਰਸ ਹੇਠ ਆਇਆ ਮਨੁੱਖ ਅਨੰਤ ਰੋਗ ਸਹੇੜ ਲੈਂਦਾ ਹੈ।ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ।।ਸੰਸਾਰੁ ਮਾਇਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ।।ਇਕ ਹੋਰ ਪ੍ਰਬਲ ਕਮਜ਼ੋਰੀ ਦਾ ਜਿਕਰ ਇਸੇ ਹੀ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਕਰਦੇ ਹਨ। ਜਦ ਕੋਈ ਮਨੁੱਖ ਧਰਮ ਦੀ ਦੁਨੀਆਂ ਵਿਚ ਪ੍ਰਤਿਸ਼ਠਾ ਵਾਲਾ ਹੋ ਜਾਂਦਾ ਹੈ, ਲੋਕੀਂ ਸਨਮਾਨ ਦੇਣ ਲੱਗ ਪੈਂਦੇ ਹਨ ਤਾਂ ਉਸ ਦੇ ਅੰਦਰ ਆਪਣਾ ਹੀ ਪੰਥ ਖੜਾ ਕਰਨ ਦੀ ਹਵਸ ਪੈਦਾ ਹੋ ਜਾਂਦੀ ਹੈ। ਧਰਮ ਤੇ ਅਕਾਲ ਪੁਰਖ ਦੇ ਨਾਮ ਦੀ ਮਿਲੀ ਪ੍ਰਤਿਸ਼ਠਾ ਨੂੰ ਉਹ ਆਪਣੀ ਪ੍ਰਤਿਸ਼ਠਾ ਸਮਝ ਲੈਂਦਾ ਹੈ ਤੇ ਇਸ ਤਰ੍ਹਾਂ ਖੁਦ ਖੁਦਾ ਹੋਣ ਦਾ ਦਾਵਾ ਕਰਦਾ ਹੈ। ਆਦਿ ਕਾਲ ਤੋਂ ਮਨੁੱਖ ਦੇ ਅੰਦਰ ਇਹ ਅਵਗੁਣ ਚੱਲਿਆ ਆ ਰਿਹਾ ਹੈ।ਰਾਵਣ, ਹਰਨਾਖਸ਼, ਫ਼ਰਊਨ ਤੇ ਹੋਰ ਕਈ ਲੋਕਾਂ ਨੇ ਤਾਂ ਵਰਤਮਾਨ ਵਿਚ ਵੀ ਆਪਣੇ ਆਪ ਨੂੰ ਪਰਮਾਤਮਾ ਹੋਣ ਦਾ ਦਾਵਾ ਕੀਤਾ ਹੋਇਆ ਹੈ। ਪਰਮਾਤਮਾ ਦੇ ਨਾਮ ਕਰਕੇ ਮਿਲੀ ਪ੍ਰਤਿਸ਼ਠਾ ਨੂੰ ਆਪਣੀ ਪ੍ਰਤਿਸ਼ਠਾ ਸਮਝ ਕੇ ਆਪਣੇ ਆਪ ਨੂੰ ਪਰਮਾਤਮਾ ਆਖਣ ਦਾ ਬਹੁਤ ਪੁਰਾਣਾ ਰੋਗ ਮਨੁੱਖੀ ਦੁਨੀਆਂ ਅੰਦਰ ਚਲਿਆ ਆ ਰਿਹਾ ਹੈ।ਵਗਦੇ ਦਰਿਆ ਵਿੱਚੋਂ ਕੋਈ ਲਹਿਰ ਉਛਲ ਕੇ ਦਰਿਆ ਨਾਲੋਂ ਵੱਖ ਹੋ ਕੇ ਵਗਣ ਲੱਗ ਪੈਂਦੀ ਹੈ ਤੇ ਉਸ ਨੂੰ ਦਰਿਆ ਹੋਣ ਦਾ ਮਾਣ ਹੋ ਜਾਂਦਾ ਹੈ, ਪਰ ਉਸ ਨੂੰ ਕੌਣ ਦੱਸੇ ਕਿ ਤੇਰਾ ਵਹਿਣ ਤਾਂ ਦਰਿਆ ਕਰਕੇ ਹੈ ਤੇ ਅਜੇ ਸਾਗਰ ਬਹੁਤ ਦੂਰ ਹੈ। ਪਰ ਉਛਲੀ ਹੋਈ ਇਹ ਲਹਿਰ ਜੋ ਵਹਿਣ ਬਣ ਕੇ ਵਗ ਰਹੀ ਹੈ, ਬੜੇ ਅਹੰਕਾਰ ਵਿਚ ਆਪਣੀ ਚਾਲ ਚੱਲ ਰਹੀ ਹੈ।ਸੰਗਤ ਤੇ ਧਰਮ ਗ੍ਰੰਥਾਂ ਵਿੱਚੋਂ ਮਿਲਿਆ ਗਿਆਨ ਤੇ ਫਿਰ ਉਸ ਗਿਆਨ ਦੇ ਆਸਰੇ 'ਤੇ ਆਪਣਾ ਪੰਥ ਚਲਾਉਣਾ ਇਕ ਆਮ ਰਹੁ-ਰੀਤੀ ਰਹੀ ਹੈ।ਮਹਾਂਪੁਰਸ਼ ਗੁਰੂਆਂ ਦੀ ਬਾਣੀ ਧਰਮ ਗ੍ਰੰਥਾਂ ਦੇ ਬੋਲਾਂ ਤੋਂ ਮਿਲੇ ਅਨੁਭਵ ਨੂੰ ਆਪਣਾ ਨਿਜੀ ਅਨੁਭਵ ਆਖ, ਪਰਮਾਤਮਾ ਹੋਣ ਦਾ ਦਾਅਵਾ ਕਰਨਾ ਇਕ ਵੱਡਾ ਦੁਰਗੁਣ ਮਨੁੱਖੀ ਸਮਾਜ ਵਿਚ ਚੱਲਿਆ ਆ ਰਿਹਾ ਹੈ।ਇਹ ਵੀ ਇਕ ਮਹਾਂ ਚੋਰੀ ਹੈ- ਦੂਜੇ ਦੇ ਖਿਆਲ, ਦੂਜੇ ਦੇ ਅਨੁਭਵ ਨੂੰ ਆਪਣਾ ਅਨੁਭਵ ਕਹਿਣਾ ਚੋਰੀ ਹੈ। ਧਨ-ਪਦਾਰਥ ਦੀ ਚੋਰੀ ਤੋਂ ਬਾਅਦ ਗੁਣ, ਕਲਾ, ਗਿਆਨ ਦੀ ਵੀ ਚੋਰੀ ਚੱਲੀ ਆ ਰਹੀ ਹੈ। ਔਰ ਚੋਰੀ ਤੇ ਯਾਰੀ ਮਨੁੱਖੀ ਸਮਾਜ ਦੀਆਂ ਦੋ ਮੂਲ ਕਮਜ਼ੋਰੀਆਂ ਹਨ ਤੇ ਇਨ੍ਹਾਂ ਮੂਲ ਕਮਜ਼ੋਰੀਆਂ ਕਰਕੇ ਦੁਨੀਆਂ ਨਰਕ ਬਣੀ ਹੋਈ ਹੈ।

**ਗਿਆਨੀ ਸੰਤ ਸਿੰਘ ਮਸਕੀਨ**

# Event marking 300th Martyrdom Anniversary of Shaheed Bhai Tara Singh Ji Van concluded with Khalsa fervour



Amritsar-The Shiromani Gurdwara Parbandhak Committee (SGPC), with the support of the Sikh Sangat, organized a large Gurmat congregation to mark the 300th martyrdom anniversary of Shaheed Bhai Tara Singh Ji Van and other Sikh martyrs. The event witnessed the participation of prominent Sikh personalities and a large number of devotees.The commemorative programme was held at Gurdwara Shaheed Bhai Tara Singh Ji Van in Tarn Taran district, where the Bhog of Sri Akhand Path Sahib was performed. Following this, a congregation was held in the Diwan Hall.Addressing the gathering, SGPC President Harjinder Singh Dhami said that the Sikh warriors whose martyrdom is being commemorated sacrificed their lives while upholding Sikh principles and protecting the honour of unshorn hair (Kes). He said the community must draw inspiration from history and take a pledge to keep their children in the traditional Sikh form.He added that the SGPC is the representative institution of the Sikh community and continues to work actively for the propagation of Sikhi while honouring its martyrs. However, he noted that some individuals are spreading misinformation about the Sikh institution on social media, creating confusion among the Sangat.Raising the issue of Bandi Singhs (Sikh political prisoners), Advocate Dhami said several Sikh prisoners have been imprisoned for three decades, and the government's discriminatory approach towards them creates a sense of alienation.


He stressed that the Sikh Panth must unite for the release of Bandi Singhs. He also paid tribute to Akali Baba Phoola Singh on his martyrdom and thanked the Sangat for their support in organizing the centenary event.On the occasion, the acting Jathedar of Akal Takht Sahib, Giani Kuldip Singh Gargajj, said that the land of Majha has produced many brave warriors who laid down their lives while fighting oppression. He said commemorations of such martyrs remind the younger generation of their heritage and inspire them to remain connected with Sikh traditions.He also highlighted challenges faced by the Sikh community today, stating that Sikh students are sometimes prevented from wearing the five Kakaars (symbols of faith) during competitive examinations and discrimination is occurring in various places.Speaking about Bandi Singhs, Jathedar Giani Kuldip Singh Gargajj said that while the government can show leniency towards controversial Gurmeet Ram Rahim, Sikh prisoner Bhai Jagtar Singh Hawara is not even being allowed to meet his ailing mother. He said Sikh sentiments have often been ignored in matters concerning Bandi Singhs, reflecting a double standard of the governments.

He further noted that Sikhs are still struggling for strict legislation to prevent sacrilege incidents of Sri Guru Granth Sahib Ji, and the government's continued silence despite prolonged protests raises serious questions.During the programme, head Granthi of Sachkhand Sri Darbar Sahib preacher Giani Amarjeet Singh and Kathavachak Baba Banta Singh Munda Pind Wale shared historical insights with the Sangat.Senior leaders and religious figures who also addressed the gathering and paid tribute to the martyrs included Virsa Singh Valtoha, Baba Sewa Singh Khadoor Sahib, Baba Balbir Singh 96 Crori, Baba Avtar Singh Sursingh, Giani Gurdial Singh Additional Head Granthi of Takht Sri Harmandar Ji Patna Sahib, and Bhai Kanwar Charat Singh.Several SGPC members, officials, religious leaders and representatives from various villages were also present in large numbers during the event.

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




## ਇੱਕ ਕੋਸ਼ਿਸ਼

ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

ਪੁਰਖਿਆਂ ਦੀ ਪੈੜ 'ਚ ਪੈਰ ਧਰਦਾ

'ਖ਼ਾਲਸਾ ਅਖ਼ਬਾਰ'

ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !


+44 74913 74913
www.khalsaakhbaar.com
editor@khalsaakhbaar.com
@khalsaakhbaar